## ਸਾਹਿਬਜ਼ਾਦਿਆਂ ਨੂੰ ਸਰਧਾਂ ਦੇ ਫੁੱਲ ਭੇਟ ਕਰਨ ਹਿੱਤ ਖ਼ਾਲਸਾ ਪੰਥ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਮੀਰੀ-ਪੀਰੀ ਦੀ ਕਾਨਫਰੰਸ ਵਿਚ ਪਹੁੰਚਣ : ਮਾਨ



**ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:-“ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹਰ ਸਾਲ ਦੀ ਤਰ੍ਹਾਂ ਆਪਣੇ ਮਹਾਨ ਸ਼ਹੀਦਾਂ ਬਾਬਾ ਜੋਰਾਵਰ ਸਿੰਘ, ਬਾਬਾ ਫਤਹਿ ਸਿੰਘ, ਮਾਤਾ ਗੁਜਰੀ ਕੌਰ, ਬਾਬਾ ਮੋਤੀ ਸਿੰਘ ਮਹਿਰਾ, ਦੀਵਾਨ ਟੋਡਰ ਮੱਲ ਸ਼ਹੀਦਾਂ ਨੂੰ ਸਤਿਕਾਰ ਸਹਿਤ ਸਰਧਾਂ ਦੇ ਫੁੱਲ ਭੇਟ ਕਰਨ ਹਿੱਤ ਰੌਜਾ ਸਰੀਫ਼ ਦੇ ਸਾਹਮਣੇ ਰੇਲਵੇ ਲਾਈਨ ਦੇ ਨਾਲ ਆਪਣੇ ਪੁਰਾਣੇ ਸਥਾਂਨ ਉਤੇ ਮੀਰੀ-ਪੀਰੀ ਸ਼ਹੀਦੀ ਕਾਨਫਰੰਸ ਮਿਤੀ 26 ਦਸੰਬਰ ਨੂੰ ਕਰਨ ਜਾ ਰਿਹਾ ਹੈ । ਜਿਸ ਵਿਚ ਖ਼ਾਲਸਾ ਪੰਥ ਨਾਲ ਸੰਬੰਧਤ ਆਜਾਦੀ ਚਾਹੁੰਣ ਵਾਲੀ ਸਮੁੱਚੀ ਲੀਡਰਸਿਪ ਅਤੇ ਪੰਥਕ ਜਥੇਬੰਦੀਆਂ ਸਮੂਲੀਅਤ ਕਰ ਰਹੀਆ ਹਨ । ਇਸ ਮੌਕੇ ਤੇ ਮੌਜੂਦਾ ਪੰਥਕ ਅਤੇ ਸਿਆਸੀ ਹਾਲਾਤਾਂ ਤੇ ਵੀ ਵਿਚਾਰਾਂ ਕੀਤੀਆ ਜਾਣਗੀਆ ਅਤੇ ਆਉਣ ਵਾਲੇ ਸਮੇ ਲਈ ਖ਼ਾਲਸਾ ਪੰਥ ਵੱਲੋ ਆਪਣੀ ਆਜ਼ਾਦੀ ਦੇ ਮਿਸਨ ਨੂੰ ਪ੍ਰਾਪਤ ਕਰਨ ਹਿੱਤ ਕਿਹੋ ਜਿਹੇ ਪੈਤੜੇ ਅਤੇ ਨੀਤੀ ਅਪਣਾਉਣੀ ਹੈ, ਉਸ ਸੰਬੰਧੀ ਵੀ ਸਮੂਹਿਕ ਤੌਰ ਤੇ ਵਿਚਾਰਾਂ ਕਰਦੇ ਹੋਏ ਜਾਣਕਾਰੀ ਦਿੱਤੀ ਜਾਵੇਗੀ । ਸੋ ਸਮੁੱਚੇ ਖਾਲਸਾ ਪੰਥ ਨਾਲ ਸੰਬੰਧਤ ਉਨ੍ਹਾਂ ਪੰਥਦਰਦੀਆਂ ਜੋ ਸਿੱਖ ਕੌਮ ਦੀ ਮਹਾਨ ਧਾਰਮਿਕ ਸੰਸਥਾਂ ਐਸ.ਜੀ.ਪੀ.ਸੀ. ਵਿਚ ਲੰਮੇ ਸਮੇ ਤੋ ਪੈਦਾ ਹੋ ਚੁੱਕੀਆ ਵੱਡੀਆ ਖਾਮੀਆ ਅਤੇ ਗਿਰਾਵਟਾਂ ਨੂੰ ਦੂਰ ਕਰਕੇ ਇਸਦੀ ਜਰਨਲ ਚੋਣ ਜਲਦੀ ਕਰਵਾਉਣ ਦੇ ਹੱਕ ਵਿਚ ਹਨ ਅਤੇ ਦੂਸਰੇ ਪਾਸੇ ਸਿਆਸੀ ਤੌਰ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਵੱਲੋ ਮਿੱਥੇ ਕੌਮੀ ਨਿਸ਼ਾਨੇ ਖਾਲਿਸਤਾਨ ਨੂੰ ਜਮਹੂਰੀਅਤ ਅਤੇ ਅਮਨਮਈ, ਕੌਮਾਂਤਰੀ ਢੰਗਾਂ ਤੇ ਨੀਤੀਆ ਰਾਹੀ ਕਾਇਮ ਕਰਨ ਲਈ ਸੁਹਿਰਦ ਹਨ ਅਤੇ ਚਾਹੁੰਦੇ ਹਨ ਕਿ ਸਿੱਖ ਕੌਮ ਆਪਣੀ ਆਜਾਦ ਬਾਦਸਾਹੀ ਸਿੱਖ ਰਾਜ ਕਾਇਮ ਕਰਕੇ ਆਪਣੇ ਗੁਰੂ ਸਾਹਿਬਾਨ ਵੱਲੋ ਦਰਸਾਏ ਮਨੁੱਖਤਾ ਪੱਖੀ ਰਾਹ ਤੇ ਪਹਿਰਾ ਦੇਵੇ ।ਉਹ ਸਭ ਸੰਗਤਾਂ ਆਪਣੇ ਕੌਮੀ, ਧਾਰਮਿਕ ਅਤੇ ਇਖਲਾਕੀ ਜਿੰਮੇਵਾਰੀ ਸਮਝਕੇ ਇਸ ਕਾਨਫਰੰਸ ਵਿਚ ਪਹੁੰਚਣ ।” ਇਹ ਅਪੀਲ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣੇ ਮਹਾਨ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕਰਨ ਹਿੱਤ ਅਤੇ ਖਾਲਸਾ ਪੰਥ ਦੇ ਆਉਣ ਵਾਲੇ ਸਮਾਜਿਕ, ਧਾਰਮਿਕ, ਸਿਆਸੀ ਤੇ ਭੂਗੋਲਿਕ ਹਾਲਾਤਾਂ ਨੂੰ ਆਪਣੀ ਸੋਚ ਅਨੁਸਾਰ ਢਾਲਕੇ ਆਪਣੀ ਮੰਜਿਲ ਵੱਲ ਵੱਧਣ ਦੀ ਗੱਲ ਕਰਦੇ ਹੋਏ ਇਸ ਮੀਰੀ-ਪੀਰੀ ਕਾਨਫਰੰਸ ਵਿਚ ਹੁੰਮ ਹੁੰਮਾਕੇ ਪਹੁੰਚਣ ਦੀ ਅਪੀਲ ਕੀਤੀ।

### ਮੁੱਖ ਮੰਤਰੀ ਪੰਜਾਬ ਨੂੰ ਇਸਦੇ ਬਾਰੇ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ

# ਪੀਲੀਭੀਤ ਮੁਕਾਬਲਾ ਪੁਲਿਸ ਦੀ ਭੂਮਿਕਾ ਸ਼ੱਕੀ ਅਤੇ ਵਡੀ ਨਾਕਾਮੀ : ਸਰਨਾ

ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਦੋ ਦਿਨ ਪਹਿਲਾਂ ਪੀਲੀਭੀਤ ਵਿੱਚ ਹੋਏ ਤਿੰਨ ਨੌਜਵਾਨਾਂ ਦੇ ਮੁਕਾਬਲੇ ਨੇ ਪੰਜਾਬ ਪੁਲਿਸ ਦੀ ਨਾਕਾਮੀ ਨੂੰ ਜੱਗ ਜਾਹਿਰ ਕਰ ਦਿੱਤਾ ਹੈ । ਜਿੰਨਾਂ ਨੌਜਵਾਨਾਂ ਨੂੰ ਪੁਲਿਸ ਨੇ ਗ੍ਰਨੇਡ ਹਮਲੇ ਦਾ ਦੋਸ਼ੀ ਮੰਨਕੇ ਮਾਰਨ ਦਾ ਦਾਅਵਾ ਕੀਤਾ ਹੈ ਉਹਨਾਂ ਵਿੱਚੋਂ ਇੱਕ ਦੀ ਉਮਰ ਸਿਰਫ 18 ਸਾਲ ਤੋਂ ਬਾਕੀ ਵੀ ਥੋੜੀ ਉਮਰ ਦੇ ਨੌਜਵਾਨ ਹਨ ।ਹੁਣ ਤੱਕ ਪੁਲਿਸ ਵੱਲੋਂ ਸਾਹਮਣੇ ਆਏ ਬਿਆਨਾਂ ਵਿੱਚ ਪੁਲਿਸ ਖੁਦ ਮੰਨ ਰਹੀ ਹੈ ਕਿ ਉਹ ਨੌਜਵਾਨ ਕੋਈ ਵੱਡੇ ਅਪਰਾਧੀ ਨਹੀਂ ਸਨ ਤੇ ਪੁਲਿਸ ਨੇ ਖੁਦ ਮੰਨਿਆ ਹੈ ਕਿ ਅਜਿਹੇ ਨੌਜਵਾਨਾਂ ਨੂੰ ਵਰਤਕੇ ਅਜਿਹੇ ਕਾਰਨਾਮੇ ਹੋ ਰਹੇ ਸਨ ।ਇਸ ਲਈ ਇਹ ਜ਼ਰੂਰੀ ਸੀ ਕਿ ਉਹਨਾਂ ਨੌਜਵਾਨਾਂ ਨੂੰ ਜਿਊਂਦੇ ਫੜਿਆ ਜਾਂਦਾ ਤਾਂ ਜੋ ਇਹਨਾਂ ਸਾਰੀਆਂ ਵਾਰਦਾਤਾਂ ਪਿੱਛੇ ਅਸਲੀ ਹੱਥ ਕਿਸਦਾ ਹੈ ਉਹ ਨਸ਼ਰ ਹੋ ਸਕਦਾ ।

ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ.ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਵਡੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜਿਵੇਂ ਕਿ ਹੁਣ ਤੱਕ ਮੀਡੀਆ ਵਿੱਚ ਤੱਥ ਸਾਹਮਣੇ ਆਏ ਹਨ ਕਿ ਉਕਤ ਨੌਜਵਾਨਾਂ ਨੇ ਨਾ ਤੇ ਕੋਈ ਟ੍ਰੇਨਿੰਗ ਲਈ ਸੀ ਤੇ ਨਾ ਹੀ ਉਹਨਾਂ ਦੀ ਭਾਰਤ ਅੰਦਰ ਕੋਈ ਟ੍ਰੇਨਿੰਗ ਦਿੱਤੀ ਗਈ ਸੀ ।ਜੇਕਰ ਪੁਲਿਸ ਅਜਿਹੇ ਅਣ - ਸਿੱਖਿਅਤ ਬੰਦਿਆਂ ਨੂੰ ਜਿਉਂਦੇ ਜੀਅ ਨਹੀ ਫੜ ਸਕਦੀ ਫੇਰ ਪੁਲਿਸ ਦੀ ਟ੍ਰੇਨਿੰਗ ਤੇ ਪੇਸ਼ਾਵਰ ਪਹੁੰਚ ਦੀ ਕੀ ਤੁਕ ਰਹਿ ਜਾਂਦੀ ਹੈ ?



ਉਨ੍ਹਾਂ ਕਿਹਾ ਜਿਵੇਂ ਕਿ ਉਹਨਾਂ ਨੌਜਵਾਨਾਂ ਦੇ ਪਰਿਵਾਰਾਂ ਨੇ ਵੀ ਦਾਅਵਾ ਕੀਤਾ ਹੈ ਤੇ ਉਹ ਨੌਜਵਾਨ ਚਿਹਰੇ ਮੋਹਰੇ ਤੋਂ ਵੀ ਕਿਸੇ ਪੱਖੋਂ ਪ੍ਰਪੱਕ ਖਾੜਕੂ ਨਜ਼ਰ ਨਹੀ ਆਉਂਦੇ ਹਨ ਫੇਰ ਅਜਿਹੇ ਵਿੱਚ ਪੁਲਿਸ ਦੀ ਭੂਮਿਕਾ ਹੋਰ ਜਿਆਦਾ ਸ਼ੱਕੀ ਹੋ ਜਾਂਦੀ ਹੈ ਤੇ ਮੁਕਾਬਲੇ ਵੀ ਯੂਪੀ ਰਾਜ ਵਿੱਚ ਹੋਣਾ ਤੇ ਉੱਥੋਂ ਦੀ ਪੁਲਿਸ ਦਾ ਵੀ ਇਸ ਗੈਰ ਕਾਨੂੰਨੀ ਕਾਰੇ ਵਿੱਚ ਸ਼ਾਮਲ ਹੋਣਾ ਜਿਸ ਉੱਪਰ ਕਿ ਪਹਿਲਾਂ ਹੀ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਲਗਦੇ ਹੋਣ, ਪੁਲਿਸ ਦੀ ਨਾਕਾਮੀ ਨੂੰ ਤੇ ਜ਼ਾਹਰ ਕਰਦਾ ਹੀ ਹੈ ਇਸਦੇ ਨਾਲ ਸੂਬੇ ਦੇ ਲੋਕਾਂ ਦਾ ਵੀ ਪੁਲਿਸ ਵਿੱਚ ਵਿਸ਼ਵਾਸ ਘਟ ਜਾਂਦਾ ਹੈ ।

ਉਨ੍ਹਾਂ ਕਿਹਾ ਕਿ ਜੇਕਰ ਉਹ ਨੌਜਵਾਨ ਦੋਸ਼ੀ ਸਨ ਤਾਂ ਇਹ ਫੈਸਲਾ ਅਦਾਲਤ ਨੇ ਕਰਨਾ ਸੀ ਪਰ ਪੁਲਿਸ ਵੱਲੋਂ ਆਪਣੀ ਨਾਕਾਮੀ ਛੁਪਾਉਣ ਲਈ ਤੇ ਝੂਠੀ ਵਾਹ - ਵਾਹ ਲਈ ਜਿਸ ਤਰ੍ਹਾਂ ਇਕ ਅਣ ਸਿਖਿਅਤ ਤੇ ਥੋੜੀ ਉਮਰ ਦੇ ਨੌਜਵਾਨ ਜਿੰਨਾ ਦਾ ਉਕਤ ਕਥਿਤ ਮਾਮਲੇ ਤੋਂ ਪਹਿਲਾਂ ਕੋਈ ਬਹੁਤਾ ਅਪਰਾਧੀ ਰਿਕਾਰਡ ਵੀ ਨਹੀਂ ਸੀ, ਉਹ ਸਪੱਸ਼ਟ ਤੌਰ ਤੇ ਪੁਲਿਸ ਦੀ ਨਾਕਾਮੀ ਤੇ ਗੈਰ ਪੇਸ਼ੇਵਾਰਨਾਂ ਪਹੁੰਚ ਨੂੰ ਸਾਬਤ ਕਰਦਾ ਹੈ । ਇਸਦੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੇ ਉਸਨੂੰ ਇਸ ਲਈ ਵੋਟਾਂ ਪਾ ਕੇ ਨਹੀ ਚੁਣਿਆ ਕਿ ਉਹ ਫੋਕੀ ਵਾਹ - ਵਾਹ ਲਈ 1987 ਤੋਂ 1995 ਵਾਲਾ ਦੌਰ ਵਾਪਸ ਲੈ ਕੇ ਆਵੇ । ਕਿਉਂਕਿ ਇਹ ਨਾ ਸਿੱਖਾਂ ਦੇ ਹਿੱਤ ਵਿੱਚ ਹੈ, ਨਾ ਪੰਜਾਬ ਤੇ ਤੇ ਨਾ ਹੀ ਦੇਸ਼ ਦੇ ।ਪਰ ਜਿਸ ਤਰ੍ਹਾਂ ਅੱਜ ਤੀਹ - ਤੀਹ ਸਾਲ ਪੁਰਾਣੇ ਕੇਸਾਂ ਵਿੱਚ ਝੂਠੇ ਮੁਕਾਬਲਿਆਂ ਦੇ ਦੋਸ਼ੀ ਅਧਿਕਾਰੀਆਂ ਨੂੰ ਅਦਾਲਤਾਂ ਵਲੋਂ ਸਜ਼ਾ ਮਿਲ ਰਹੀ ਹੈ ।ਉਸਤੋਂ ਮੌਜੂਦਾ ਅਧਿਕਾਰੀਆਂ ਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ।



### ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਸੇਵਾ ਕੀਤੀ ਪੂਰੀ





**ਅੰਮ੍ਰਿਤਸਰ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਬੀਤੇ ਦਿਨੀਂ ਬੀਬੀ ਜਗੀਰ ਕੌਰ ਨੂੰ ਬੋਲੇ ਗਏ ਅਪਸ਼ਬਦਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਆਦੇਸ਼ ਅਨੁਸਾਰ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਿਆਂ ਦੇ ਸਨਮੁਖ ਪੇਸ਼ ਹੋਏ। ਇਸ ਦੌਰਾਨ ਪੰਜ ਪਿਆਰਿਆਂ ਨੇ ਐਡਵੋਕੇਟ ਧਾਮੀ ਵੱਲੋਂ ਇਸ ਮਾਮਲੇ ਵਿੱਚ ਕੀਤੀ ਖਿਮਾ ਜਾਚਨਾ 'ਤੇ ਵਿਚਾਰ ਕਰਕੇ ਉਨ੍ਹਾਂ ਨੂੰ ਪੰਥਕ ਪਰੰਪਰਾਵਾਂ ਸੇਵਾ ਕਰਨ ਦਾ ਆਦੇਸ਼ ਕੀਤਾ। ਐਡਵੋਕੇਟ ਧਾਮੀ ਨੂੰ ਲਗਾਈ ਗਈ ਸੇਵਾ ਵਿੱਚ ਇੱਕ ਦਿਨ ਵਾਸਤੇ ਇੱਕ ਘੰਟਾ ਜੋੜਾ ਘਰ ਅਤੇ ਇੱਕ ਘੰਟਾ ਲੰਗਰ ਵਿਖੇ ਬਰਤਨ ਮਾਂਜਣ ਦੀ ਸੇਵਾ ਦੇ ਨਾਲ-ਨਾਲ ਪੰਜ ਜਪੁਜੀ ਸਾਹਿਬ ਦੇ ਪਾਠ ਕਰਨ ਉਪਰੰਤ 500 ਰੁਪਏ ਦੀ ਦੇਗ ਕਰਵਾ ਕੇ ਅਰਦਾਸ ਕਰਵਾਉਣ ਦਾ ਆਦੇਸ਼ ਕੀਤਾ ਗਿਆ। ਇਸ ਆਦੇਸ਼ ਨੂੰ ਮੰਨਦਿਆਂ ਐਡਵੋਕੇਟ ਧਾਮੀ ਨੇ ਵਿਧੀਵਤ ਰੂਪ ਵਿੱਚ ਜੋੜਾ ਘਰ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਇੱਕ-ਇੱਕ ਘੰਟਾ ਸੇਵਾ ਕੀਤੀ ਅਤੇ ਸੇਵਾ ਕਰਦਿਆਂ ਲਗਾਤਾਰ ਜਪੁਜੀ ਸਾਹਿਬ ਦੇ ਪਾਠ ਵੀ ਕੀਤੇ। ਉਨ੍ਹਾਂ ਨੇ ਇਹ ਸੇਵਾ ਨਿਮਰਤਾ ਸਹਿਤ ਪੂਰੀ ਕਰਨ ਮਗਰੋਂ 500 ਰੁਪਏ ਦੀ ਦੇਗ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਸਬੰਧੀ ਬੀਤੇ ਕੱਲ੍ਹ 24 ਦਸੰਬਰ ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇੱਕ ਪੱਤਰ ਜਾਰੀ ਕਰਕੇ 25 ਦਸੰਬਰ (ਬੁੱਧਵਾਰ) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰੇ ਸਾਹਿਬਾਨ ਦੇ ਸਨਮੁਖ ਪੇਸ਼ ਹੋ ਕੇ ਖਿਮਾ ਜਾਚਨਾ ਕਰਵਾਉਣ ਦਾ ਆਦੇਸ਼ ਕੀਤਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

**ਲੰਗਰ ਤੇ ਜੋੜਾ ਘਰ ਵਿਖੇ ਇੱਕ-ਇੱਕ ਘੰਟੇ ਦੀ ਸੇਵਾ ਅਤੇ ਜਪੁਜੀ ਸਾਹਿਬ ਦੇ ਪੰਜ ਪਾਠ ਕਰਕੇ ਕਰਵਾਈ ਅਰਦਾਸ**

### ਯੋਧੇ ਵੀਰ ਖ਼ਾਲਸਾ ਗੁਰਮਤਿ ਅਕੈਡਮੀ ਵੱਲੋਂ ਸਫ਼ਰ-ਏ-ਸ਼ਹਾਦਤ ਨੂੰ ਸਮਰਪਿਤ

# ਨਗਰ ਕੀਰਤਨ ਸਜਾਇਆ ਤੇ ਕੀਰਤਨ ਸਮਾਗਮ ਕਰਵਾਇਆ





**ਅੰਮ੍ਰਿਤਸਰ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਯੋਧੇ ਵੀਰ ਖ਼ਾਲਸਾ ਗੁਰਮਤਿ ਅਕੈਡਮੀ ਅਤੇ ਗੱਤਕਾ ਅਖਾੜਾ ਦੇ ਮੁੱਖ ਸੇਵਾਦਾਰ ਭਾਈ ਪਾਰਸ ਸਿੰਘ ਖ਼ਾਲਸਾ ਉਰਫ਼ ਭਾਈ ਵਿਕਰਮਜੀਤ ਸਿੰਘ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੇ ਸਫ਼ਰ-ਏ-ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ ਅਤੇ ਮਹਾਨ ਕੀਰਤਨ ਸਮਾਗਮ ਗਲੀ ਨੰਬਰ 20, ਨਿਊ ਗੁਰਨਾਮ ਨਗਰ, ਮੰਦਰ ਵਾਲਾ ਬਾਜ਼ਾਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਸ਼ਰਧਾ-ਭਾਵਨਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ। ਇਸ ਦੌਰਾਨ ਯੋਧੇ ਵੀਰ ਖ਼ਾਲਸਾ ਗੱਤਕਾ ਅਖਾੜਾ ਦੇ ਖਿਡਾਰੀਆਂ ਨੇ ਜੰਗੀ ਜੌਹਰ ਵੀ ਵਿਖਾਏ। ਰਾਤ ਦੇ ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਵੇਲ ਸਿੰਘ ਜੀ, ਸਿੱਖ ਪ੍ਰਚਾਰਕ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ), ਕਥਾਵਾਚਕ ਗਿਆਨੀ ਸਿਮਰਨਜੀਤ ਸਿੰਘ ਦਮਦਮੀ ਟਕਸਾਲ, ਜਥਾ ਸਿਰਲੱਥ ਖ਼ਾਲਸਾ ਦੇ ਮੁੱਖ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਪ੍ਰੀਤ ਸਿੰਘ ਸ੍ਰੀ ਅੰਮ੍ਰਿਤਸਰ ਵਾਲੇ, ਰਾਗੀ ਭਾਈ ਮਨਦੀਪ ਸਿੰਘ, ਰਾਗੀ ਭਾਈ ਗੁਰਚਰਨ ਸਿੰਘ ਤਰਨ ਤਾਰਨ ਵਾਲੇ ਅਤੇ ਭਾਈ ਕਰਨਦੀਪ ਸਿੰਘ ਜੰਡਿਆਲੇ ਵਾਲੇ ਆਦਿ ਜੱਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਕਥਾਵਾਚਕ ਅਤੇ ਪ੍ਰਚਾਰਕ ਸਿੰਘਾਂ ਨੇ ਚਮਕੌਰ ਦੀ ਗੜ੍ਹੀ ਅਤੇ ਸਰਹੰਦ ਦੀਆਂ ਨੀਹਾਂ ਦਾ ਜੋਸ਼ੀਲਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਹਲੂਣਿਆ ਅਤੇ ਸਿੱਖ ਨੌਜਵਾਨਾਂ ਨੂੰ ਕੇਸਾਧਾਰੀ, ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਤ ਕੀਤਾ। ਯੋਧੇ ਵੀਰ ਖ਼ਾਲਸਾ ਗੁਰਮਤਿ ਅਕੈਡਮੀ ਦੇ ਭਾਈ ਪਾਰਸ ਸਿੰਘ ਖ਼ਾਲਸਾ ਨੇ ਸਮਾਪਤੀ ਉੱਤੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਗੁਰਪੰਥ ਸਿੰਘ ਨਿਹੰਗ, ਮਨਿੰਦਰ ਸਿੰਘ ਨਿਹੰਗ, ਖੁਸ਼ਹਾਲ ਸਿੰਘ ਨਿਹੰਗ, ਗੁਰਸ਼ਰਨ ਸਿੰਘ ਨਿਹੰਗ, ਪੁਖਰਾਜ ਸਿੰਘ ਨਿਹੰਗ, ਪ੍ਰੇਮ ਸਿੰਘ, ਹਰਮਨਦੀਪ ਸਿੰਘ ਕੰਗ, ਭਾਈ ਯਾਦਵਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਬਹੋੜੂ, ਭਾਈ ਪਰਮਜੀਤ ਸਿੰਘ ਠੇਕੇਦਾਰ ਆਦਿ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਹੀਦਾਂ ਨੂੰ ਸਮਰਪਿਤ ਮਹਿਤਾ ਚੌਕ ਵਿਖੇ ਮਹਾਨ ਨਗਰ ਕੀਰਤਨ 27 ਨੂੰ ਸਜਾਇਆ ਜਾਵੇਗਾ

**ਚੌਕ ਮਹਿਤਾ, 25 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜਾ ਪਿਆਰਿਆ ਦੀ ਅਗਵਾਈ ਹੇਠ, ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਹਿਬਜਾਦਿਆ ਅਤੇ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਸ਼ਹੀਦੀ ਸਮਾਗਮਾਂ ਦੌਰਾਨ ਸਥਾਨਕ ਗੁਰਦੁਵਾਰਾ ਗੁਰੂ ਨਾਨਕ ਪ੍ਰਕਾਸ਼ ਚੌਕ ਮਹਿਤਾ ਤੋਂ ਸੁਖਮਨੀ ਸਹਿਬ ਸੇਵਾ ਸੁਸਾਇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 27 ਦਸੰਬਰ ਸੁੱਕਰਵਾਰ ਨੂੰ ਸਵੇਰੇ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਜਿਸ ਸਬੰਧੀ ਜਾਣਕਾਰੀ ਦੇਦੇ ਹੋਏ ਮਨਦੀਪ ਸਿੰਘ ਵਿੱਕੀ ਪੰਜਾਬ ਟੈਂਟ ਹਾਊਸ ਨੇ ਦੱਸਿਆ ਕੇ ਵਿਸ਼ਾਲ ਨਗਰ ਕੀਤਰਨ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਭਾਵਨਾਵਾਂ ਨਾਲ ਮਨਾਇਆ ਜਾ ਰਿਹਾ ਸੰਗਤਾਂ ਬੜੇ ਸਰਧਾ ਭਾਵਨਾ ਨਾਲ ਫੁੱਲਾਂ ਦੀ ਵਰਖਾ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਸਵੇਰੇ 10 ਵਜੇ ਸੁਰੂ ਹੋਵੇਗਾ, ਚੌਕ ਮਹਿਤਾ ਸਮੂਹ ਬਾਜਾਰਾਂ ਵਿੱਚੋਂ ਹੁੰਦਿਆਂ ਹੋਇਆਂ ਸਾਮ ਗੁਰਦੁਆਰਾ ਸਾਹਿਬ ਸਮਾਪਤੀ ਹੋਵੇਗੀ ਅਤੇ ਗੁਰੂ ਦਾ ਅਤੁੱਟ ਲੰਗਰ ਵੀ ਵਰਤੇਗਾ। ਸੁਖਮਨੀ ਸਹਿਬ ਸੇਵਾ ਸੁਸਾਇਟੀ ਨੇ ਬੇਨਤੀ ਕਰਦਿਆ ਕਿਹਾ ਕਿ ਸੰਗਤਾ ਆਪਣੇ ਰੁਜੇਵਿਆ ਵਿੱਚੋ ਸਮਾਂ ਕੱਢ ਕੇ ਗੁਰੂ ਕਰ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇਸ ਮੌਕੇ ਹਰਜਿੰਦਰ ਸਿੰਘ ਪ੍ਰਧਾਨ, ਡਾਕਟਰ ਅਰਪਿੰਦਰ ਸਿੰਘ, ਰਾਜ਼ਿਵੰਦਰ ਸਿੰਘ, ਬਖਸੀਸ ਸਿੰਘ, ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਭਿਜੋਤ ਸਿੰਘ, ਦਲਜੀਤ ਸਿੰਘ, ਅਰਵਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਨਿਸ਼ਾਨ ਸਿੰਘ, ਯਾਦਵਿੰਦਰ ਸਿੰਘ ਗੁਰਕਰਨਦੀਪ ਸਿੰਘ ਕਨੇਡਾ ਆਦਿ ਵੱਲੋਂ ਵਿਸ਼ੇਸ ਉਪਰਾਲਾ ਕੀਤਾ ਜਾ ਰਿਹਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਵੀਰ ਬਾਲ ਦਿਵਸ : ਸਾਹਸ, ਕੁਰਬਾਨੀ ਤੇ ਆਪਸੀ ਸਦਭਾਵਨਾ ਦਾ ਦਿਨ: ਡਾ ਵਿਜੈ ਸਤਬੀਰ ਸਿੰਘ

**ਚੌਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਰ ਸਾਲ ਅਦੁੱਤੀ ਸਾਹਸ ਦਾ ਦਿਨ :26 ਦਸੰਬਰ ਦਾ ਦਿਨ 'ਵੀਰ ਬਾਲ ਦਿਵਸ' ਨੂੰ ਸਮਰਪਿਤ ਹੈ ਇਸ ਮਹਾਨ ਪਾਵਨ ਇਤਿਹਾਸਕ ਦਿਹਾੜੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਬੇਮਿਸਾਲ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਅਦੁੱਤੀ ਸ਼ਹਾਦਤ ਆਪਣੇ ਧਰਮ ਅਤੇ ਪਰੰਪਰਾਵਾਂ 'ਤੇ ਅਡਿੱਗ ਖੜੇ ਰਹਿਣ ਦਾ ਅਤੁੱਟ ਵਿਸ਼ਵਾਸ ਸਮੁੱਚੀ ਮਾਨਵਤਾ ਲਈ ਬੇਜੋੜ ਹਿੰਮਤ ਤੇ ਡੂੰਘੀ ਪ੍ਰੇਰਨਾ ਦੇ ਸਰੋਤ ਹਨ ਬੇਮਿਸਾਲ ਦਲੇਰੀ ਤੇ ਕੁਰਬਾਨੀ : ਦਸੰਬਰ ਸੰਨ 1704 ਵਿੱਚ ਛੋਟੇ ਸਾਹਿਬਜ਼ਾਦੇ, ਮਹਿਜ 8 ਤੇ 6 ਸਾਲ ਦੀ ਉਮਰ ਵਿੱਚ ਮੁਗਲ ਹਕੂਮਤ ਦੁਆਰਾ ਕੈਦ ਕਰ ਲਏ ਗਏ ਅਤੇ ਅਣਮਨੁੱਖੀ ਤਸੀਹੇ ਦਿਤੇ ਗਏ। ਆਪਣਾ ਧਰਮ ਛੱਡਣ ਅਤੇ ਇਸਲਾਮ ਕਬੂਲ ਕਰਵਾਉਣ ਲਈ ਉਨ੍ਹਾਂ ਨੂੰ ਭਾਰੀ ਲਾਲਚ ਦਿਤੇ ਗਏ, ਦਬਾਅ ਪਾਇਆ ਗਿਆ ਪਰ ਇਸ ਸਭ ਕੁਝ ਦੇ ਬਾਵਜੂਦ, ਗੁਰੂ ਕੇ ਬਹਾਦਰ ਸਾਹਿਬਜ਼ਾਦੇ ਆਪਣੇ ਧਰਮ ਅਤੇ ਵਿਸ਼ਵਾਸ਼ ਤੇ ਅਟੱਲ ਰਹੇ। ਅੰਤ ਸੂਬਾ ਸਰਹੰਦ ਵੱਲੋਂ ਉਨ੍ਹਾਂ ਨੂੰ ਜਿੰਦਾ ਨੀਹਾਂ ਵਿੱਚ ਚਿਣਨ ਦਾ ਹੁਕਮ ਸੁਣਾ ਦਿਤਾ ਗਿਆ ਛੋਟੇ ਸਾਹਿਬਜ਼ਾਦਿਆਂ ਨੇ ਗੌਰਵਮਈ ਸ਼ਹੀਦੀ ਪ੍ਰਾਪਤ ਕੀਤੀ ਅਤੇ ਇਤਿਹਾਸ ਦੇ ਪੰਨਿਆਂ 'ਤੇ ਇੱਕ ਅਮਿੱਟ ਅਤੇ ਚਿਰ ਸਥਾਈ ਨਿਸ਼ਾਨ ਸਥਾਪਤ ਕਰ ਗਏ ਕਿ ਧਾਰਮਿਕ ਆਜ਼ਾਦੀ ਲਈ ਜ਼ੁਲਮ ਅੱਗੇ ਕਿਵੇਂ ਚਟਾਨ ਵਾਂਗ ਅਡਿੱਗ ਖੜੇ ਰਹਿਣਾ ਹੈ। ਉਨ੍ਹਾਂ ਦੀ ਸ਼ਹਾਦਤ ਕੇਵਲ ਆਪਣੇ ਧਰਮ ਦੀ ਰੱਖਿਆ ਵਾਸਤੇ ਹੀ ਨਹੀਂ ਸੀ, ਸਗੋਂ ਇਹ ਸ਼ਹਾਦਤ ਸਮੁੱਚੀ ਮਾਨਵਤਾ ਲਈ ਧਾਰਮਿਕ ਹੱਦਾਂ ਤੋਂ ਪਾਰ ਨਿਆਂ ਦੇ ਵਿਆਪਕ ਸਿਧਾਂਤਾ, ਆਜ਼ਾਦੀ ਤੇ ਵਿਸ਼ਵਾਸ ਪ੍ਰਤੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਸੀ।

ਭਾਈਚਾਰਕ ਸਾਂਝ ਦਾ ਸੰਦੇਸ਼ :- ਇਹ ਸ਼ਹਾਦਤ ਸਾਨੂੰ ਆਪਣੇ ਭਾਈਚਾਰੇ ਦੀ ਮਜ਼ਬੂਤੀ, ਵਿਭਿੰਨ ਸੱਭਿਆਚਾਰ ਤੇ ਇੱਕ ਦੂਜੇ ਦੇ ਧਾਰਮਿਕ ਅਕੀਦੇ ਦੀ ਕਦਰ ਕਰਨ ਦਾ ਸੰਦੇਸ਼ ਵੀ ਦਿੰਦੀ ਹੈ।

ਮਾਨਵਤਾ ਨੂੰ ਇਕਜੁੱਟ ਕਰਨ ਵਾਲੀਆਂ ਕਦਰਾਂ ਕੀਮਤਾਂ ਲਈ ਸ਼ਹਾਦਤ :

ਮਾਨਵ ਜ਼ਿੰਦਗੀ ਦਾ ਅਸਲ ਮਕਸਦ ਤੇ ਸਫਲਤਾ, ਮਾਨਵਤਾ ਦੀ ਸੇਵਾ ਅਤੇ ਪੀੜਤ ਧਿਰ ਦੇ ਬਚਾਅ ਵਿੱਚ ਹੀ ਹੈ। ਸੱਚ ਤਾਂ ਇਹ ਹੈ ਕਿ ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਵੰਡ ਦੇ ਬਾਵਜੂਦ ਸਾਰੇ ਧਰਮਾਂ ਦਾ ਸਾਰ ਆਪਸ ਵਿੱਚ ਪ੍ਰੇਮ, ਪਿਆਰ, ਸ਼ਾਂਤੀ ਤੇ ਸੁਹਿਰਦਤਾ ਨਾਲ ਵਿਚਰਨ ਵਿੱਚ ਹੈ।

ਵੀਰ ਬਾਲ ਦਿਵਸ ਮਨਾਉਂਦੇ ਹੋਏ, ਇਸ ਦਿਨ ਆਓ ਅਸੀਂ ਇੱਕਠੇ ਹੋ ਕੇ ਆਪਣੇ ਸਕੂਲੀ ਸੰਸਥਾਵਾਂ ਵਿੱਚ ਸਾਡੀ ਅਨਮੋਲ ਵਿਰਾਸਤ ਦਾ ਸਨਮਾਨ ਕਰਨ ਤੇ ਉਸ ਨੂੰ ਸੰਭਾਲਣ ਲਈ ਪ੍ਰੋਗਰਾਮਾਂ ਦਾ ਆਯੋਜਨ ਕਰੀਏ ਇਸ ਤੋਂ ਸਾਡੇ ਦੇਸ਼ ਦੇ ਬੱਚਿਆਂ ਨੂੰ ਨੇਕੀ, ਸਚਾਈ ਤੇ ਆਪਸੀ ਭਾਈਚਾਰੇ ਦੇ ਮਾਰਗ ਤੇ ਦ੍ਰਿੜਤਾ ਨਾਲ ਚੱਲਣ ਦੀ ਪ੍ਰੇਰਨਾ ਅਵੱਸ਼ ਮਿਲੇਗੀ ਵੱਡੇ ਆਸ਼ੇ ਲਈ ਸ਼ਹਾਦਤ :- ਸਾਹਿਬਾਜ਼ਾਦਿਆਂ ਦੀ ਪਾਵਨ ਸ਼ਹਾਦਤ ਦੀ ਸਾਰਥਿਕਤਾ ਤੇ ਮਹੱਤਵ ਜਿਤਨਾ ਕੱਲ੍ਹ ਸੀ, ਉਤਨਾ ਹੀ ਅੱਜ ਹੈ ਤੇ ਭਵਿੱਖ ਵਿੱਚ ਵੀ ਹਮੇਸ਼ਾ ਲਈ ਰਹੇਗਾ। ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਮੁਸੀਬਤ ਵਿੱਚ ਹਿੰਮਤ ਤੇ ਦ੍ਰਿੜਤਾ ਨਾਲ ਕਿਵੇਂ ਖੜ੍ਹੇ ਰਹਿਣਾ ਹੈ ਅਤੇ ਸਚਿਆਈ ਤੇ ਨਿਆਂ ਲਈ, ਮੌਤ ਦੀ ਪਰਵਾਹ ਕਰੇ ਬਗੈਰ, ਜ਼ੁਲਮ ਦੀ ਇੰਤਾਹ ਨੂੰ ਕਿਵੇਂ ਬੇਅਰਥ ਕਰਨਾ ਹੈ ਅੰਤਰ ਧਰਮ ਸੰਵਾਦ:- ਆਪਣੇ ਸਕੂਲਾਂ, ਕਾਲਜਾਂ ਤੇ ਸੰਸਥਾਵਾਂ ਵਿੱਚ ਅੰਤਰ ਧਰਮ ਸੰਵਾਦ ਗੋਸ਼ਟੀਆਂ ਦਾ ਆਯੋਜਨ ਕਰੋ। ਇਸ ਨਾਲ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤੀ ਮਿਲੇਗੀ ਦਿਆਲਤਾ ਦੇ ਕੰਮ :- ਇਸ ਪਾਵਨ ਦਿਹਾੜੇ ਨੂੰ ਜ਼ਰੂਰਤਮੰਦਾਂ ਦੀ ਮਦਦ ਲਈ ਸਮਰਪਿਤ ਕਰੋ ਵੀਰ ਬਾਲ ਦਿਵਸ ਮਹਿਜ ਇੱਕ ਯਾਦਗਰੀ ਦਿਨ ਹੀ ਨਹੀਂ, ਸਗੋਂ ਇਹ ਇੱਕ ਤਾਕੀਦ ਹੈ ਕੁਝ ਕਰ ਗੁਜਰਨ ਦੀ। ਇਹ ਸ਼ਹਾਦਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਪਣੀ ਵਿਰਾਸਤ ਨੂੰ ਕਾਇਮ ਰੱਖਣ ਲਈ ਬੇਇਨਸਾਫੀ ਦੇ ਖਿਲਾਫ ਕਿਵੇਂ ਖੜ੍ਹੇ ਰਹਿਣਾ ਹੈ, ਆਪਸੀ ਭਾਈਚਾਰਕ ਸਾਂਝ ਤੇ ਪਿਆਰ ਨੂੰ ਕਿਵੇਂ ਅੱਗੇ ਵਧਾਉਣਾ ਹੈ। ਉਨ੍ਹਾਂ ਦੀ ਮਹਾਨ ਸ਼ਹਾਦਤ ਦਾ ਸਨਮਾਨ ਕਰਦੇ ਹੋਏ, ਆਓ! ਅਸੀਂ ਵੀ ਉਨ੍ਹਾਂ ਦੇ ਮਹਾਨ ਗੁਣਾਂ ਨੂੰ ਮੂਰਤੀਮਾਨ ਕਰਨ ਲਈ ਹਿੰਮਤ, ਏਕਤਾ ਤੇ ਭਾਈਚਾਰਕ ਸੰਦੇਸ਼ ਨੂੰ ਵਿਆਪਕ ਪੱਧਰ ਤੇ ਫੈਲਾਉਣ ਦਾ ਪ੍ਰਣ ਲਈਏ ਸਾਹਿਬਜ਼ਾਦਿਆਂ ਨੂੰ ਸੱਚੀ ਸ਼ਰਧਾਂਜਲੀ 'ਤੇ ਅਸੀਂ ਇਹ ਯਕੀਨੀ ਬਣਾਈਏ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ, ਉਨ੍ਹਾਂ ਦੀ ਸ਼ਹਾਦਤ ਤੋ ਹਮੇਸ਼ਾਂ ਪ੍ਰੇਰਨਾ ਲੈਂਦੀਆਂ ਰਹਿਣ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਨਵੀਂ ਮੁੰਬਈ ਵਿਖੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਅਦੁੱਤੀ ਸ਼ਹਾਦਤ ਦੀ ਯਾਦ 'ਚ

# ਮਹਾਨ ਧਾਰਮਿਕ ਸਮਾਗਮ ਕਰਵਾਇਆ ਗਿਆ






**ਚੌਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਦੀ ਯਾਦ ਵਿੱਚ ਨਵੀ ਮੁੰਬਈ ਦੇ ਖੰਡੇਸ਼ਵਰ ਸਟੇਸ਼ਨ ਗਰਾਉਂਡ 'ਚ ਮਹਾਨ ਸ਼ਹੀਦੀ ਪੁਰਬ ਮਨਾਇਆ ਜਾ ਰਿਹਾ ਹੈ ਜਾਣਕਾਰੀ ਦਿੰਦੇ ਹੋਏ ਸ੍ਰ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਦੱਸਿਆ ਕਿ ਇਹ ਸਮਾਗਮ 24, 25 ਅਤੇ 26 ਦਸੰਬਰ 2024 ਨੂੰ ਕਰਵਾਏ ਜਾਣਗੇ ਜਿਸ ਵਿੱਚ ਗੁਰਬਾਣੀ ਕੀਰਤਨ, ਕਥਾ ਅਤੇ ਕਵਿਤਾ ਸਮਾਗਮ ਆਯੋਜਿਤ ਹੋਵੇਗਾ ਇਸ ਸਮਾਗਮ 'ਚ ਸਿੱਖ ਪੰਥ ਦੇ ਪ੍ਰਸਿੱਧ ਰਾਗੀ ਅਤੇ ਕਥਾਵਾਚਕ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ, ਭਿੰਡਰਾਂਵਾਲੇ,, ਭਾਈ ਬਲਵਿੰਦਰ ਸਿੰਘ ਜੀ ਰੰਗੀਲਾ ਰਾਗੀ, ਭਾਈ ਜਰਨੈਲ ਸਿੰਘ ਜੀ ਕੋਹਾੜਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ,ਭਾਈ ਹਰਮੀਤ ਸਿੰਘ ਜੀ, ਐਮ.ਏ. ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ ਵਾਲੇ, ਭਾਈ ਗੁਰਸ਼ਰਨ ਸਿੰਘ ਜੀ, ਕਵੀਸਰ ਜਥਾ ਗਿਆਨੀ ਅਮਰੀਕ ਸਿੰਘ, ਮੁਖ ਪ੍ਰਚਾਰਕ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਗੁਰਬਾਣੀ ਸੰਗੀਤ ਅਕੈਡਮੀ ਦੇ ਵਿਦਿਆਰਥੀ ਸੰਗਤਾ ਨੂੰ ਗੁਰਬਾਣੀ ਰਸ ਨਾਲ ਜੋੜਿਆ ਇਸ ਮੌਕੇ ਚੇਅਰਮੈਨ ਮਲਕੀਤ ਸਿੰਘ ਬੱਲ ਜੀ ਨੇ ਇਸ ਸਮਾਗਮ ਦੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਇਸ ਸਮਾਗਮ 'ਚ ਵਿਧਾਇਕ ਪ੍ਰਸ਼ਾਂਤ ਠਾਕੁਰ ਜੀ ਨੇ ਹਾਜ਼ਰੀ ਭਰਕੇ ਸਾਧ ਸੰਗਤ ਤੋਂ ਅਸੀਸ ਪ੍ਰਾਪਤ ਕੀਤੀ ਉਹਨਾਂ ਕਿਹਾ ਕਿ ਇਸ ਸਮਾਗਮ ਦਾ ਮਕਸਦ ਹੈ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਕੁਰਬਾਨੀ ਨੂੰ ਯਾਦ ਕਰਨਾ ਅਤੇ ਸਿੱਖ ਧਰਮ ਦੇ ਉੱਚੇ ਆਦਰਸ਼ਾਂ ਨੂੰ ਜੀਵਨ ਵਿਚ ਅਪਣਾਉਣ ਲਈ ਸੰਗਤ ਨੂੰ ਪ੍ਰੇਰਿਤ ਕਰਨਾ ਉਨ੍ਹਾਂ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਸਮਾਗਮ ਵਿੱਚ ਵੱਡੀ ਗਿਣਤੀ ਵਿਚ ਹਾਜ਼ਰੀ ਭਰ ਕੇ ਗੁਰਬਾਣੀ ਨਾਲ ਜੁੜ ਕੇ ਇਸ ਆਤਮਿਕ ਸਮਾਗਮ ਦਾ ਅਨੰਦ ਪ੍ਰਾਪਤ ਕਰੋ।

ਆਵਾਜ਼ਿ ਕੌਮ AWAZE QAUM International Newspaper & WEB TV

### ਜਰਨਲ ਅਡਵਾਇਰ ਨੂੰ ਮਾਰ ਕੇ ਊਧਮ ਸਿੰਘ ਨੇ

# ਜਲਿਆ ਵਾਲੇ ਬਾਗ ਦਾ ਬਦਲਾ ਲਿਆ ਸੀ : ਸਾਹਿਬ ਸਿੰਘ, ਪਵਨ ਸੈਣੀ

**ਚੌਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਲ ਇੰਡੀਆ ਐਂਟੀ ਟੈਰਰਿਸਟ ਫਰੰਟ ਦੀ ਅੰਮ੍ਰਿਤਸਰ ਇਕਾਈ ਵੱਲੋਂ ਸ਼ਹੀਦ ਉਧਮ ਸਿੰਘ,ਦੀ ਜਨਮ ਦਿਨ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਦਾ ਅਯੋਜਨ ਸੰਗਠਨ ਦੇ ਦਫ਼ਤਰ ਮਕ ਬੂਲ ਰੋਡ ਵਿਖੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਅੱਤਵਾਦ ਵਿਰੋਧੀ ਸੰਗਠਨ ਦੇ ਰਾਸ਼ਟਰੀ ਸਕੱਤਰ ਸਾਹਿਬ ਸਿੰਘ ਅਤੇ ਪੰਜਾਬ ਦੇ ਜਨਰਲ ਸਕੱਤਰ ਪਵਨ ਸੈਣੀ ਪਹੁੰਚੇ ਸਨ। ਇਸ ਮੌਕੇ ਆਏ ਹੋਏ ਸੰਗਠਨ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸ਼ਹੀਦ ਉਧਮ ਸਿੰਘ, ਜੀ ਦੀ ਤਸਵੀਰ ਉੱਪਰ ਫੁੱਲਾਂ ਦੇ ਹਾਰ ਪਾ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਆਏ ਹੋਏ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਸਾਹਿਬ ਸਿੰਘ ਤੇ ਪਵਨ ਸੈਣੀ ਨੇ ਸਾਜੇ ਤੌਰ ਤੇ ਕਿਹਾ ਕਿ ਸ਼ਹੀਦ ਉਧਮ ਸਿੰਘ, ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਪੰਜਾਬ ਵਿਖੇ ਹੋਇਆ ਸੀ ।ਉਧਮ ਸਿੰਘ ਜੀ ਨੇ ਭਾਰਤ ਦੇਸ਼ ਨੂੰ ਆਜ਼ਾਦ ਕਰਨ ਲਈ ਅੰਗਰੇਜ਼ਾਂ ਨਾਲ ਲੜਾਈ ਲੜੀ ਸੀ। ਉਧਮ ਸਿੰਘ ਨੇ ਆਪਣਾ ਨਾ ਬਦਲ ਕੇ ਰਾਮ ਮੁਹਮਦ ਸਿੰਘ ਅਜਾਦ ਰੱਖਿਆ ਤਾ ਜੋ ਸਾਰੇ ਦੇਸ਼ ਵਾਸੀਆ ਨੂੰ ਏਕਤਾ ਦਾ ਸੰਦੇਸ਼ ਦਿਤਾ ਜਾ ਸਕੇ ।




ਇੱਕ ਪਾਸੇ ਮਹਾਤਮਾ ਗਾਂਧੀ ਜੀ ਸੱਤਿਆਗ੍ਰਹਿ ਕਰਕੇ ਹੋਰਨਾਂ ਆਜ਼ਾਦੀ ਘੁਲਾਟੀਆਂ ਨੂੰ ਨਾਲ ਲੈ ਕੇ ਅੰਦੋਲਨ ਕਰ ਰਹੇ ਸਨ, ਦੂਸਰੇ ਪਾਸੇ ਇੰਨਕਲਾਬ ਜਿੰਦਾਬਾਦ ਦੇ ਨਾਅਰੇ ਲਗਾ ਕੇ ਨੌਜਵਾਨ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਵਰਗੇ ਸੂਰਮੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਸੰਘਰਸ਼ ਕਰ ਰਹੇ ਸਨ। ਉਧਮ ਸਿੰਘ ਨੇ ਜਰਨਲ ਉਡਵਾਇਰ ਨੂੰ ਲੰਡਨ ਵਿਖੇ ਗੋਲੀਆ ਮਾਰ ਕੇ ਜਲਿਆਵਾਲੇ ਬਾਗ ਦੇ ਸਾਕੇ 13 ਅਪ੍ਰੈਲ 1919 ਦਾ ਬਦਲਾ ਲੈ ਕੇ ਅੰਗਰੇਜਾ ਦੀਆਂ ਜੜਾਂ ਹਿਲਾ ਦਿੱਤੀਆਂ ਸਨ। ਇਸੇ ਕੇਸ ਵਿੱਚ ਉਧਮ ਸਿੰਘ ਨੂੰ 31 ਜੁਲਾਈ 1940 ਨੂੰ ਫਾਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹਨਾਂ ਵਰਗੇ ਸ਼ਹੀਦਾ ਦੀਆਂ ਕੁਰਬਾਨੀਆਂ ਸਦਕਾ ਹੀ ਦੇਸ਼ ਆਜਾਦ ਹੋਇਆ ਸੀ, ਜਿਸ ਦੇ ਅਸੀਂ ਦੇਸ਼ ਵਾਸੀ ਸਦਾ ਰਿਣੀ ਰਹਾਂਗੇ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਸਦਾ ਯਾਦ ਰੱਖਾਂਗੇ। ਉਹਨਾ ਨੇ ਅੱਗੇ ਕਿਹਾ ਕਿ ਦੇਸ਼ ਦੇ ਅੰਦਰ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਵੀ ਕੁਰਬਾਨੀਆਂ ਦੀ ਲੋੜ ਹੁੰਦੀ ਹੈ। ਪਾਕਿਸਤਾਨ ਸਾਡੇ ਦੇਸ਼ ਅੰਦਰ ਖਾਲ਼ਸਤਾਨੀਆ ਵਲੋ ਥਾਣਿਆ ਉਪਰ ਹੈਡ ਗਰਨੇਡਾ ਨਾਲ ਹਮਲੇ ਕਰਵਾ ਰਿਹਾ ਹੈ । ਪੰਜਾਬ ਪੁਲੀਸ ਦੇ ਜਵਾਨ ਤੇ ਦੇਸ਼ ਦੀਆ ਸੁਰਿਖਿਆ ਫੋਰਸਾ ਅੱਤਵਾਦੀਆ ਅਤੇ ਗੈਂਗਸਟਰਾ ਨੂੰ ਰੋਕਣ ਲਈ ਮੁਕਾਬਲਾ ਕਰ ਰਿਹੀਆ ਹਨ !ਸ਼ਲਾਗਾਯੋਗ ਕੰਮ ਕਰ ਰਿਹੇ ਹਨ ਜਿਥੇ ਪੁਲੀਸ ਜਵਾਨਾ ਨੇ ਕੁਰਬਾਨੀਆ ਕੀਤੀਆਂ ਹਨ ਦੁਸਰੇ ਪਾਸੇ ਅਤੇ ਵੱਖ-ਵੱਖ ਪਾਰਟੀਆਂ ਦੇ ਲੀਡਰਾਂ ਨੇ ਵੀ ਕੁਰਬਾਨੀਆਂ ਦਿੱਤੀਆਂ ਹਨ, ਤਾਂ ਹੀ ਅੱਜ ਪੰਜਾਬ ਅਤੇ ਦੇਸ਼ ਦੇ ਅੰਦਰ ਸ਼ਾਂਤੀ ਹੈ। ਅਜੇ ਜੰਮੂ ਕਸ਼ਮੀਰ ਦੇ ਅੰਦਰ ਅੱਤਵਾਦੀਆਂ ਦਾ ਸਫਾਇਆ ਹੋਣਾ ਬਾਕੀ ਹੈ। ਅਸੀਂ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਇਸ ਨੂੰ ਜਲਦੀ ਖ਼ਤਮ ਕੀਤਾ ਜਾਵੇ। ਪੰਜਾਬ ਸਰਕਾਰ ਨੂੰ ਵੀ ਅਸੀਂ ਅਪੀਲ ਕਰਦੇ ਹਾ ਕਿ ਪੰਜਾਬ ਅੰਦਰੋਂ ਜਲਦੀ ਨਸ਼ਾ ਖ਼ਤਮ ਕਰੇ ਅਤੇ ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਉਪਰਾਲੇ ਕਰੇ ਅਤੇ ਪੰਜਾਬ ਅੰਦਰ ਅਮਨ ਸ਼ਾਂਤੀ ਬਣਾਈ ਰੱਖੇ। ਇਸ ਮੌਕੇ ਹੋਰਨਾਂ ਦੇ ਇਲਾਵਾ ਪਰਮਜੀਤ ਸਿੰਘ ਆਸ਼ਟ , ਮਨਦੀਪ ਸਿਧੂ , ਸੂਰਜ ,ਅਸ਼ੋਕ ਸ਼ਾਹੀ, ਤਜਿੰਦਰ ਹੈਪੀ, ਹੀਰਾ ਲਾਲ , ਜਸਬੀਰ ਸਿੰਘ ਭੋਲਾ ,ਪ੍ਰੇਮ ਮਸੀਹ, ਲਖਵਿੰਦਰ ਵੇਰਕਾ, , ਹਰੀਸ਼ ਮਹਾਜਨ, ਕਾਰਤਿਕ ਸ਼ਰਮਾਂ, ਰਾਜੂ, ਸਤਿੰਦਰ ਵਰਮਾ , ਸਤਪਾਲ ਮਹਾਜਨ, ਗੁਰਚਰਨ ਸਿੰਘ ਪੱਪੂ ,ਅਸ਼ੋਕ ਕੁਮਾਰ, ਹਰਜੀਤ ਸਿੰਘ ਛੰਨਾ ,ਬੂਟਾ ਰਾਮ ,ਜੁਗਲ ਕਿਸ਼ੋਰ , ਚਰਨ ਦਾਸ , ਹਰਵਿੰਦਰ ਸਿੰਘ ਆਦਿ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

### ਆਪਰੇਸ਼ਨ ਸੰਪਰਕ ਤਹਿਤ ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਵੱਲੋਂ ਥਾਣਾ ਮਕਬੂਲਪੁਰਾ ਦੇ ਏਰੀਆ ਨਿਊ ਅੰਮ੍ਰਿਤਸਰ ਵਿਖੇ ਕੀਤੀ ਪੁਲਿਸ-ਪਬਲਿਕ ਮੀਟਿੰਗ

# ਚਾਈਨਾ ਡੋਰ ਖਰੀਦਣ ਤੇ ਵੇਚਣ ਜਾਂ ਸਟੋਰ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ



**ਚੌਕ ਮਹਿਤਾ, 25ਦਸੰਬਰ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਮਿਸ਼ਨਰੇਟ ਪੁਲਿਸ, ਅੰਮ੍ਰਿਤਸਰ ਵਲੋਂ ਮਾੜੇ ਅਨਸਰਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਨਸ਼ੇ ਦੀ ਲਾਹਨਤ ਨੂੰ ਜੜ੍ਹ ਤੋਂ ਖਤਮ ਕਰਨ ਲਈ,



ਆਵਾਜ਼ਿ ਕੌਮ AWAZE QAUM International Newspaper & WEB TV

ਨਸ਼ੇ ਦਾ ਮਾੜੇ ਪ੍ਰਭਾਵਾ ਬਾਰੇ ਜਾਣੂ ਕਰਵਾਉਂਣ ਲਈ ਅਤੇ ਨੌਜ਼ਵਾਨਾਂ ਨੂੰ ਖੇਡਾ ਵੱਲ ਪ੍ਰੇਰਿਤ ਕਰਨ, ਨਸ਼ਾਂ ਦਾ ਧੰਦਾ ਕਰਨ ਵਾਲਿਆ ਬਾਰੇ ਪੁਲਿਸ ਨੂੰ ਸੂਚਨਾਂ ਦੇਣ ਅਤੇ ਲੋਕਾਂ ਦੀ ਮੁਸ਼ਕਲਾਂ ਨੂੰ ਸੁਣਨ ਤੇ ਉਹਨਾਂ ਦੇ ਸੁਝਾਅ ਲੈਣ ਲਈ ਪਹਿਲਾਂ ਤੋਂ ਚੱਲ ਰਹੀ ਪੁਲਿਸ ਪਬਲਿਕ ਮੀਟਿੰਗਾਂ ਦੀ ਲਗਾਤਾਰਤਾ ਤਹਿਤ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਪੁਲਿਸ, ਵੱਲੋਂ ਥਾਣਾ ਮਕਬੂਲਪੁਰਾ ਦੇ ਏਰੀਆ ਨਿਊ ਅੰਮ੍ਰਿਤਸਰ ਵਿੱਖੇ ਆਪਰੇਸ਼ਨ ਸੰਪਰਕ ਤਹਿਤ ਪੁਲਿਸ ਪਬਲਿਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਇਲਾਕੇ ਦੇ ਵਸਨੀਕ ਅਤੇ ਮੋਹਤਬਰ ਵਿਅਕਤੀਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਪਬਲਿਕ ਨਾਲ ਵਿਚਾਰ ਵਿਟਾਦਰਾਂ ਕਰਦੇ ਹੋਏ, ਉਹਨਾਂ ਦੀਆਂ ਮੁਸ਼ਕਲਾਂ ਤੇ ਸੁਝਾਅ ਸੁਣੇ ਗਏ। ਜੋ ਵਿਅਕਤੀ ਨਸ਼ੇ ਦੇ ਆਦਿ ਹਨ, ਨੂੰ ਜੀਵਨ ਦੀ ਸਹੀ ਸੇਧ ਦੇ ਕੇ ਨਸ਼ੇ ਦੇ ਮਾੜੇ ਪ੍ਰਭਾਵਾ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਇਆ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਤੁਹਾਡੇ ਇਲਾਕੇ ਵਿੱਚ ਕੋਈ ਨਸ਼ਾ ਵੇਚਦਾ ਹੈ ਤਾਂ ਉਸਦੀ ਸੂਚਨਾਂ ਤੁਰੰਤ ਪੁਲਿਸ ਨੂੰ ਦੇਵੋਂ ਤੇ ਸੂਚਨਾਂ ਦੇ ਅਧਾਰ ਤੇ ਪੁਲਿਸ ਵੱਲੋਂ ਨਸ਼ਾਂ ਤੱਸਕਰਾਂ ਪਰ ਤੁਰੰਤ ਐਕਸ਼ਨ ਲਿਆ ਜਾਵੇਗਾ ਅਤੇ ਸੂਚਨਾਂ ਦੇਣ ਵਾਲੇ ਦਾ ਨਾਮ ਪੂਰੀ ਤਰ੍ਹਾ ਗੁਪਤ ਰੱਖਿਆ ਜਾਵੇਗਾ ਖਾਸ ਤੌਰ ਤੇ ਕਿਹਾ ਕਿ ਚਾਈਨਾਂ ਡੋਰ ਜੋਕਿ ਮਨੁੱਖ ਜੀਵਨ ਦੇ ਨਾਲ ਪੂਸ਼ੂ-ਪੰਛੀਆਂ ਲਈ ਵੀ ਕਾਫੀ ਘਾਤਕ ਹੈ, ਦੇ ਖਿਲਾਫ ਸਪੈਸ਼ਲ ਮੁਹਿੰਮ ਚਲਾ ਕੇ ਇਸਦੀ ਵਿਕਰੀ ਕਰਨ ਵਾਲਿਆ ਖਿਲਾਫ਼ ਸਖਤ ਐਕਸ਼ਨ ਲੈ ਕੇ ਮੁਕੱਦਮੇਂ ਦਰਜ਼ ਕੀਤੇ ਜਾ ਰਹੇ ਹਨ। ਆਪਣੇ ਮਨੋਰੰਜਨ ਲਈ ਕਿਸੇ ਪਸ਼ੂ ਪਛੀ ਜਾਂ ਇਨਸਾਨੀ ਜ਼ਿੰਦਗੀ ਨੂੰ ਨੂੰ ਖਤਰੇ ਵਿੱਚ ਨਹੀਂ ਪਾਉਣਾ ਚਾਹੀਦਾ। ਇਸੇ ਤਰ੍ਹਾਂ ਪੁਲਿਸ-ਪਬਲਿਕ ਮੀਟਿੰਗਾਂ ਭਵਿੱਖ ਵਿੱਚ ਲਗਾਤਾਰ ਕੀਤੀਆਂ ਜਾਣਗੀਆਂ।

# ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅਤੇ ਮੈਡੀਕਲ ਕਾਲਜ ਵਿਖੇ ਧਰਨਾ 63 ਵੇ ਦਿਨ 'ਚ ਸ਼ਾਮਿਲ



**ਚੌਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅਤੇ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ 63 ਦਿਨਾਂ ਦਾ ਧਰਨਾ ਦਿਨ ਰਾਤ ਚੱਲ ਰਿਹਾ ਹੈ ਅਸੀਂ ਏਡੀਸੀ ਸਾਹਿਬ ਨਾਲ ਤਿੰਨ ਚਾਰ ਵਾਰ ਇਸ ਮਾਮਲੇ ਦੇ ਵਿੱਚ ਮਿਲੇ ਹੈ ਉਨਾਂ ਵੱਲੋਂ ਵਾਰ ਵਾਰ ਮੀਟਿੰਗਾਂ ਦਾ ਸਮਾਂ ਦਿੱਤਾ ਗਿਆ ਹੈ ਉਹਨਾਂ ਕਿਹਾ ਕਿ 26 /12/2024/ਤਰੀਕ ਨੂੰ ਤੁਹਾਡੇ ਇਸ ਮਸਲੇ ਦਾ ਹੱਲ ਕਰਾਂਗੇ ਅਸੀਂ ਉਹਨਾਂ ਦੀ ਗੱਲ ਤੇ ਭਰੋਸਾ ਜਿਤਾਉਂਦੇ ਹੈ 26 ਤਰੀਕ ਤੋਂ ਬਾਅਦ ਅਸੀਂ ਪ੍ਰਸ਼ਾਸਨ ਨਾਲ ਕਿਸੇ ਤਰ੍ਹਾਂ ਦੀ ਕੋਈ ਗੱਲ ਵਿੱਚ ਨਹੀਂ ਆਵਾਂਗੇ ਅਸੀਂ ਅਗਲਾ ਵਧਵਾ ਸੰਘਰਸ਼ ਕਰਾਂਗੇ ਉਹਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ ਸਰਕਾਰ ਨੂੰ ਚਾਹੀਦਾ ਹੈ ਇਹਨਾਂ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ ਅਸੀਂ ਭਾਰਤੀ ਜਥੇਬੰਦੀਆਂ ਕਿਸਾਨ ਯੂਨੀਅਨ ਬੀਕੇਯੂ ਏਕਤਾ ਉਗਰਾਹਾਂ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਧੰਧਾਈ ਡਾਕਟਰ ਪਰਮਿੰਦਰ ਸਿੰਘ ਟੀਸੀ ਯੂਐਲ ਯੂਨੀਅਨ ਦੇ ਪ੍ਰਧਾਨ ਮਲਕੀਤ ਸਿੰਘ ਸੈਂਸਰਾ ਪੀਡਬਲੂਡੀ ਯੂਨੀਅਨ ਪੰਜਾਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਗਗਨ ਅਤੇ ਠੇਕਾ ਸੰਘਰਸ਼ ਮੋਰਚਾ ਦੇ ਨਾਲ ਵਿਊਤਬੰਦੀ ਬਣਾ ਕੇ ਇਸ ਸੰਘਰਸ਼ ਨੂੰ ਵੱਢਾਂਗੇ ਇਸ ਮੌਕੇ ਜਸਵਿੰਦਰ ਸਿੰਘ ਝੰਡੇਰ ਧਰਮਵੀਰ ਸਿੰਘ ਹਰਮਿੰਦਰ ਸਿੰਘ ਮਨਪ੍ਰੀਤ ਸਿੰਘ ਬਖਸ਼ੀਸ਼ ਸਿੰਘ ਨਰੇਸ਼ ਬਲਵਿੰਦਰ ਸਿੰਘ ਕੁਲਵੰਤ ਸਿੰਘ ਕਵਲਜੀਤ ਸਿੰਘ ਕੁਲਦੀਪ ਸਿੰਘ ਭਲਵਾਣ ਕੈਲਾਸ਼ ਕੁਮਾਰ ਬਾਬਾ ਕੁਲਵੰਤ ਸਿੰਘ ਸੈਮੂਅਲ ਯੂਸਫ ਸ਼ਾਮ ਸੁੰਦਰ ਸੇਵਾ ਸਿੰਘ ਮਲਕੀਤ ਸਿੰਘ ਗੁਰਸੇਵਕ ਸਿੰਘ ਸੁਖਪ੍ਰੀਤ ਸਿੰਘ ਇਸ ਤੋਂ ਇਲਾਵਾ ਹੋਰ ਵੀ ਸਾਥੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਬ੍ਰਹਮ ਗਿਆਨੀ ਮਹਾਂਪੁਰਸ਼ ਸ਼੍ਰੀਮਾਨ

# ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਦੀ 20 ਵੀਂ ਬਰਸੀ ਮਨਾਈ




**ਚੌਂਕ ਮਹਿਤਾ, 25 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪਰਕਾਸ਼ ਮਹਿਤਾ ਵਿੱਖੇ, ਦਮਦਮੀ ਟਕਸਾਲ ਦੇ 15 ਵੇਂ ਮੁੱਖੀ ਬ੍ਰਹਮ ਗਿਆਨੀ ਮਹਾਪੁਰਸ਼ ਸ੍ਰੀ ਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ 20 ਵੀਂ ਬਰਸੀ ਅੱਜ 24 ਦਸੰਬਰ 2024 ਦਿਨ ਮੰਗਲਵਾਰ ਨੂੰ ਬੜੀ ਸਰਧਾ ਭਾਵਨਾ ਨਾਲ ਮਨਾਈ ਗਈ ਜਿਸ ਦੌਰਾਨ ਆਰੰਭ ਕੀਤੇ ਗਏ ਸ੍ਰੀ ਆਖੰਡ ਸਾਹਿਬ ਜੀ ਦੀ ਲੜੀ ਦੇ ਭੋਗ ਪਾਏਗੇ, ਉਪਰੰਤ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮਹਾਪੁਰਸ਼ਾਂ ਨੇ ਆਪ ਸੰਗਤਾਂ ਨੂੰ ਆਏ ਹੋਏ ਹੁਕਮਨਾਮੇ ਅਤੇ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਜੀਵਨੀ ਬਾਰੇ ਕਥਾ ਵਿਚਾਰਾਂ ਸਰਵਣ ਕਰਵਾਈਆਂ ਗਈਆਂ।ਇਸ ਮੌਕੇ ਤੇ ਵਿਸੇਸ਼ ਤੌਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਪਲਵਿੰਦਰਪਾਲ ਸਿੰਘ ਬੁੱਟਰ ਜੀ ਨੇ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਦੀ ਜੀਵਨੀ ਬਾਰੇ ਚਾਨਣਾ ਪਾਇਆ ਗਿਆ। ਉਪਰੰਤ ਦਮਦਮੀ ਟਕਸਾਲ ਦੇ ਹਜੂਰੀ ਰਾਗੀ ਭਾਈ ਲਵਪਰੀਤ ਸਿੰਘ, ਰਾਗੀ ਭਾਈ ਗੁਰਲਾਲ ਸਿੰਘ, ਰਾਗੀ ਸਤਿਨਾਮ ਸਿੰਘ, ਰਾਗੀ ਭਾਈ ਅੰਮ੍ਰਿਤਪਾਲ ਸਿੰਘ ਜਥਿਆਂ ਨੇ ਗੁਰਬਾਣੀ ਦੇ ਪਵਿੱਤਰ ਪਾਵਨ ਕੀਰਤਨ ਸੰਗਤਾਂ ਨੂੰ ਸਰਵਨ ਕਰਵਾਇਆ। ਇਸ ਮੌਕੇ ਤੇ ਹਜੂਰੀ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇੰਟਰਨੈਸ਼ਨਲ ਢਾਡੀ ਜੱਥਾ ਭਾਈ ਜਸਬੀਰ ਸਿੰਘ ਮੋਹਲੇਕੇ ਵਾਲਿਆਂ ਨੇ ਗੁਰੂ ਇਤਿਹਾਸ ਸੰਗਤਾਂ ਨੂੰ ਸਰਵਨ ਕਰਵਾਇਆ ਗਿਆ। ਇਸ ਮੌਕੇ ਤੇ ਸੰਤ ਬਾਬਾ ਮਨਮੋਹਨ ਸਿੰਘ ਭੰਗਾਲੀ ਟਾਹਲੀ ਸਾਹਿਬ ਵਾਲੇ ਸੰਤ ਬਾਬਾ ਲਖਬੀਰ ਸਿੰਘ ਭੰਗਾਲੀ ਟਾਹਲੀ ਸਾਹਿਬ ਵਾਲੇ, ਗਿਆਨੀ ਮਲਕੀਅਤ ਸਿੰਘ ਜੱਬੋਵਾਲ,ਸੰਤ ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦੱਲ ਵਾਲੇ ਭਾਈ ਅਜੈਬ ਸਿੰਘ ਅਭਿਆਸੀ, ਦਮਦਮੀ ਟਕਸਾਲ ਦੇ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ ਸ੍ਰੀ ਆਨੰਦਪੁਰ ਸਾਹਿਬ ਵਾਲੇ, ਜਥੇਦਾਰ ਅਜੀਤ ਸਿੰਘ ਕਰਨਾ ਦੱਲ ਮਹਿਤਾ ਵਾਲੇ, ਜਥੇਦਾਰ ਭਾਈ ਬੋਹੜ ਸਿੰਘ, ਡਾ, ਅਵਤਾਰ ਸਿੰਘ ਬੁੱਟਰ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਦਮਦਮੀ ਟਕਸਾਲ ਦੇ ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਭਾਈ ਗੁਰਕਿਰਪਾ ਸਿੰਘ,ਜਥੇਦਾਰ ਗੁਰਪ੍ਰੀਤ ਸਿੰਘ ਵੈਦ, ਜਥੇਦਾਰ ਤਿਰਲੋਚਨ ਸਿੰਘ,ਭਾਈ ਸਤਨਾਮ ਸਿੰਘ,ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਸਰਪੰਚ,ਪੂਰਨ ਸਿੰਘ ਜਲਾਲਾਬਾਦ ,ਭਾਈ ਤਰਸੇਮ ਸਿੰਘ ਭਿੰਡਰ ਕਲਾ, ਭਾਈ ਸੁਖਰਾਜ ਸਿੰਘ ਇੰਗਲੈਂਡ,ਜਥੇਦਾਰ ਨਿਰਵੈਰ ਸਿੰਘ ਭਾਈ ਦਿਲਜੀਤ ਸਿੰਘ ਇੰਗਲੈਂਡ,ਬਾਬਾ ਕਿਰਪਾ ਸਿੰਘ,ਬਾਬਾ ਸੁਲਖਣ ਸਿੰਘ ਮੁਰਾਦਪੁਰ,ਜਥੇਦਾਰ ਬਸੰਤ ਸਿੰਘ ਵਡਾਲਾ ਗਰੰਥੀਆਂ, ਜਥੇਦਾਰ ਭੁਪਿੰਦਰ ਸਿੰਘ ਕਾਹਲਵਾਂ,ਭਾਈ ਸੁਰਜੀਤ ਸਿੰਘ ਢੱਪਈ,ਭਾਈ ਗੁਰਦੇਵ ਸਿੰਘ ਬਡਾਣਾ, ਸੰਤ ਬਾਬਾ ਸਤਿੰਦਰ ਸਿੰਘ ਮੁਕੇਰੀਆਂ, ਸਾਬਕਾ ਡੀ ਪੀ ਐਸ ਪੀ ਕੁਲਵੰਤ ਸਿੰਘ, ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਸਮਸੇਰ ਸਿੰਘ ਜੇਠੂਵਾਲ,ਬਾਬਾ ਮੋਹਨ ਸਿੰਘ,ਅਤੇ ਬੇਅੰਤ ਮਹਾਪੁਰਸ਼, ਨਿਹੰਗ ਸਿੰਘ, ਦੇਸਾ ਵਿਦੇਸਾ ਦੀਆਂ ਸੰਗਤਾਂ ਹਾਜਰੀ ਭਰੀਆਂ।ਇਸ ਮੌਕੇ ਤੇ ਕੇ ਡੀ ਹਸਪਤਾਲ ਅੰਮ੍ਰਿਤਸਰ ਵੱਲੋਂ ਖੂਨ ਦਾਨ ਕੈਂਪ ਵੀ ਲਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਚੌਥੇ ਦਿਨ ਸ਼ਹੀਦੀ ਹਫਤੇ ਤੇ ਸੁਖਮਣੀ ਸਾਹਿਬ ਅਤੇ ਕੀਰਤਨ ਦਰਬਾਰ ਸਜਾਏ



ਫ਼ਿਰੋਜ਼ਪੁਰ, 25 ਦਸੰਬਰ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਵੈਸੇ ਤਾਂ ਪੋਹ ਦਾ ਸਾਰਾ ਮਹੀਨਾ ਹੀ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੇ ਸਿੱਖ ਕੌਮ ਲਈ ਸ਼ਹੀਦੀਆਂ ਦਿੱਤੀਆਂ ਜ਼ੋ ਕਿ ਜਿਨ੍ਹਾਂ ਅਸੀਂ ਸੀਸ ਨੀਵਾਂ ਕੇ ਪ੍ਰਮਾਣ ਕਰਦੇ ਹਾਂ, ਉਨ੍ਹਾਂ ਦੀ ਯਾਦ ਵਿਚ ਹਰ ਰੋਜ਼ ਸੁਖਮਣੀ ਸਾਹਿਬ ਜੀ ਦਾ ਪਾਠ ਅਤੇ ਕੀਰਤਨ ਦਰਬਾਰ ਸਜਾਏ ਜਾਂਦੇ ਹਨ।ਇਸ ਮੌਕੇ ਤੇ ਰਾਗੀ ਜਥੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਚੰਨ ਸਿੰਘ, ਭਾਈ ਜ਼ੋਗਾ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬੱਬੂ ਸਿੰਘ ਤੋਂ ਇਲਾਵਾ ਹੋਰ ਵੀ ਰਾਗੀ ਜਥੇ ਹਾਜ਼ਰ ਸਨ, ਜਿਨ੍ਹਾਂ ਨੇ ਧੰਨ—ਧੰਨ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦੇ ਅਤੇ ਹੋਰ ਅਨੇਕਾਂ ਸਿੱਖ ਕੌਮ ਦੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਜ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਸਾ ਨਦੀ ਦਾ ਵਹਾਅ ਤੇਜ਼ ਹੋਣ ਕਾਰਨ ਅਤੇ ਹਨੇਰੀ ਰਾਤ ਅਤੇ ਮੀਂਹ ਕਾਰਨ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵਿਛੜ ਗਿਆ, ਜਿਸ ਵਿਚ ਗੁਰੂ ਸਾਹਿਬ ਦੇ ਬਿਰਧ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਗੁੰਗੂ ਰਸੋਈਏ ਨਾਲ ਮੋਰਿੰਡਾ ਪਿੰਡ ਵੱਲ ਤੁਰ ਪਏ ਅਤੇ ਪਰਿਵਾਰ ਵਿਛੜ ਗਿਆ ਅਤੇ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਸਹੇੜੀ ਲੈ ਆਇਆ ਅਤੇ ਕੁਮਾ ਮਾਸਕੀ ਦੀ ਝੁਗੀ (ਪੋਹ ਦੀ ਰਾਤ ਨੂੰ) ਵਿਚ ਗੁਰੂ ਦੇ ਭਾਣੇ ਵਿਚ ਅਡੋਲ ਚਿੱਤ ਰਹਿੰਦਿਆਂ ਰਾਤ ਕੱਟੀ ਅਤੇ ਕੁਮਾ ਮਾਸਕੀ ਜੀ ਅਤੇ ਲਛਮੀ ਬ੍ਰਾਹਮਣੀ ਜੀ ਨੇ ਪ੍ਰਸ਼ਾਦੇ ਪਾਣੀ ਛਕਾਇਆ ਅਤੇ ਦੋਨੋਂ ਸਾਰੀ ਰਾਤ ਪਹਿਰਾ ਦਿੰਦੇ ਰਹੇ। ਇਸ ਤਰ੍ਹਾਂ ਦੂਸਰੀ ਰਾਤ 8 ਪੋਹ ਨੂੰ ਉਨ੍ਹਾਂ ਪਿੰਡ ਸਹੇੜੀ ਵਿਖੇ ਗੰਗੂ ਬ੍ਰਾਹਮਣ ਦੇ ਘਰ ਕਟੀ, ਮਾਤਾ ਜੀ ਕੋਲ ਮੋਹਰਾਂ ਦੀ ਥੈਲੀ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ ਅਤੇ ਥੈਲੀ ਨੂੰ ਉਸ ਨੇ ਰਾਤ ਨੂੰ ਚੋਰੀ ਕਰ ਲਿਆ। ਇਸ ਪਾਪ ਵਿਚ ਗੰਗੂ ਦੀ ਪਤਨੀ ਨੇ ਵੀ ਗੰਗੂ ਦਾ ਸਾਥ ਦਿੱਤਾ, ਮਾਤਾ ਜੀ ਵੱਲੋਂ ਮੋਹਰਾਂ ਦੀ ਥੈਲੀ ਬਾਰੇ ਪੁਛਣ ਤੇ ਗੰਗੂ ਬ੍ਰਾਹਮਣ ਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਨਵਾਬ ਕੋਲ ਪਕੜਵਾ ਦਿੱਤਾ ਅਤੇ 9 ਪੋਹ ਨੂੰ ਧੰਨ—ਧੰਨ ਮਾਤਾ ਗੁਜਰ ਕੌਰ ਅਤੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਨੇ ਮੋਰਿੰਡਾ ਦੀ ਕੋਤਵਾਲੀ ਵਿਚ ਰਾਤ ਕੱਟੀ ਅਤੇ ਇਸ ਤੋਂ ਅਗਲੇ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਜਾਨੀ ਖਾਂ ਅਤੇ ਮਾਨੀ ਖਾਂ ਸਰਹਿੰਦ ਲੈ ਕੇ ਸੂਬੇਦਾਰ ਵਜੀਰ ਖਾਂ ਦੇ ਹਵਾਲੇ ਕਰ ਦਿੱਤਾ ਅਤੇ ਅਗਲੇ ਦਿਨ 10 ਪੋਹ (24 ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਗਿਆ ਗਿਆ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ, ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੂੰ 11 ਪੋਹ (25 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਕਚਹਿਰੀ ਵਿਚ ਪੇਸ਼ ਕੀਤਾ, ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ, ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਚਲੀ ਆ ਰਹੀ ਹੈ, ਉਹ ਕਿਵੇਂ ਡਰਾਵੇ ਅਤੇ ਫੋਕੀ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਹਨ। ਵਜੀਰ ਖਾਂ ਨੇ ਕਿਹਾ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ ਕਿ ਪਹਿਲੀ ਗੱਲ ਤੁਸੀਂ ਸਾਨੂੰ ਛੱਡਣਾ ਨਹੀਂ ਪਰ ਫਿਰ ਵੀ ਜੇਕਰ ਤੁਸੀਂ ਸਾਨੂੰ ਛੱਡ ਦਿੰਦੇ ਹੋ ਤਾਂ ਅਸੀਂ ਫਿਰ ਸਿੰਘਾਂ ਨੂੰ ਇਕੱਠੇ ਕਰਾਂਗੇ ਅਤੇ ਅਖੀਰਲੇ ਦਮ ਤੱਕ ਜੁਲਮ ਅਤੇ ਜਾਲਮ ਦੇ ਖਿਲਾਫ ਲੜਦੇ ਰਹਾਂਗੇ ਅਤੇ ਇਹ ਸਿਲਸਿਲਾ ਚਲਦਾ ਰਹੇਗਾ। ਅਖੀਰ ਵਜੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਜਿਬਾ ਕਰਨ ਦਾ ਹੁਕਮ ਸੁਣਾਇਆ ਕਿ ਇਨ੍ਹਾਂ ਨੀਹਾਂ—ਕੰਧਾਂ ਵਿਚ ਚਿਣਿਆ ਜਾਵੇ, ਇਹ ਸੁਣ ਕੇ ਵੀ ਛੋਟੇ ਸਾਹਿਬਜ਼ਾਦਿਆਂ ਦਾ ਹੌਂਸਲਾ ਨਹੀਂ ਡਗਮਗਾਇਆ, ਇਧਰ ਠੰਡਾ ਬੁਰਜ ਇਕ ਅਜਿਹੀ ਜਗ੍ਹਾ ਹੈ, ਜਿਥੇ ਉਸ ਸਮੇਂ ਸਰਹਿੰਦ ਦਾ ਨਵਾਬ ਗਰਮੀਆਂ ਦੇ ਦਿਨਾਂ ਵਿਚ ਠੰਡਕ ਲੈਣ ਲਈ ਆਪਣੇ ਲਈ ਵਰਤਦਾ ਸੀ, ਇਸ ਠੰਡੇ ਬੁਰਜ ਦੇ ਪੈਰਾਂ ਵਿਚ ਇਕ ਨਦੀ ਵਗਦੀ ਸੀ, ਪੋਹ ਦਾ ਮਹੀਨਾ, ਕਕਰੀਲਾ ਠੰਡ ਨੇ ਨਦੀ ਨੂੰ ਚੀਰ ਕੇ ਆਉਂਦੀ ਹਵਾ, ਆਪੇ ਹੀ ਅੰਦਾਜਾ ਲਗਾ ਲਓ ਕਿ ਉਸ ਸਮੇਂ ਠੰਡ ਦਾ ਕੀ ਹਾਲ ਹੋਵੇਗਾ, ਪਰ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਅੰਦਰਲੀ ਸੁਦ੍ਰਿੜ ਭਾਵਨਾ ਨਾ ਤਾਂ ਸਰਹਿੰਦ ਦੇ ਨਵਾਬ ਦੀਆਂ ਧਮਕੀਆਂ ਅਤੇ ਨਾ ਹੀ ਇਸ ਹੱਡ ਚੀਰਵੀਂ ਠੰਡ ਅੱਗੇ ਝੁਕ ਸਕੀ, ਗੁਰੂ ਦੇ ਪਿਆਰੇ ਤੇ ਲਾਡਲੇ ਬਾਬਾ ਮੋਤੀ ਰਾਮ ਜ਼ੋ ਕਿ ਇਥੇ ਰਸੋਇਆ ਸੀ ਅਤੇ ਜਦੋਂ ਇਸ ਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵੇਖਿਆ ਅਤੇ ਉਸ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਮੋਤੀ ਰਾਮ ਮਹਿਰਾ ਜੀ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਇਆ, ਇਹ ਸੇਵਾ ਬਦਲੇ ਵਿਚ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸਾਰਾ ਪਰਿਵਾਰ ਕੋਹਲੂ ਵਿਚ ਪੀੜ ਦਿੱਤਾ ਗਿਆ, ਪਰ ਉਸ ਗੁਰੂ ਕੇ ਪਿਆਰੇ ਨੇ ਆਪਣਾ ਆਪ ਨਿਛਾਵਰ ਕਰਦਿਆਂ ਗੁਰੂ ਦੇ ਚਰਨਾਂ ਵਿਚ ਆਪਣਾ—ਆਪ ਨਿਭਾਅ ਲਿਆ। ਇਸ ਮੌਕੇ ਤੇ ਗੁਰੂ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਪਬਲਿਕ ਸਕੂਲ ਨੱਥੇ ਸ਼ਾਹ ਵਾਲਾ ਵਿਖੇ ਦਸਮੇਸ਼ ਪਿਤਾ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦਿਆਂ ਅਤੇ ਅਨੇਕਾਂ ਸਿੱਖ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸਮਾਗਮ ਕਰਵਾਇਆ




ਫ਼ਿਰੋਜ਼ਪੁਰ, 25 ਦਸੰਬਰ (ਮਨੋਹਰ ਲਾਲ) :— ਪੰਜਾਬ ਪਬਲਿਕ ਸਕੂਲ ਨੱਥੇ ਸ਼ਾਹ ਵਾਲਾ ਵਿਖੇ ਦਸਮੇਸ਼ ਪਿਤਾ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਨੇਕਾਂ ਸਿੱਖ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਰਵਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਸੁਖਮਣੀ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਰਾਗੀ ਜਥਿਆਂ ਤੋਂ ਇਲਾਵਾ ਸਕੂਲ ਦੇ ਬੱਚੇ—ਬੱਚੀਆਂ ਵੱਲੋਂ ਖਾਲਸਾਈ ਪੋਸ਼ਾਕਾਂ ਪਾ ਕੇ ਗੁਰਬਾਣੀ ਕੀਰਤਨ, ਢਾਡੀ ਵਾਰਾਂ, ਕਵੀਸ਼ਰੀ, ਧਾਰਮਿਕ ਗੀਤ ਅਤੇ ਕਵਿਤਾਵਾਂ ਨਾਲ ਗੁਰੂ ਜ਼ਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸਕੂਲ ਦੇ ਬੱਚੇ ਅਤੇ ਬੱਚੀਆਂ ਨੇ ਵੱਖ—ਵੱਖ ਧਾਰਮਿਕ ਸਕਿਟਾਂ ਪੇਸ਼ ਕੀਤੀਆਂ, ਜਿਸ ਵਿਚ ਗਗੁ ਟੋਡੀ ਜਓ ਤਊ ਪ੍ਰੇਮ ਖੇਲਣ ਦਾ ਚਾਓ ਸ਼ਬਦ, ਤਾਤੀ ਵਾਓ ਸ਼ਬਦ, ਸ਼ਹਿਰ ਅਨੰਦਪੁਰ ਛੱਡ ਕੇ ਆਪਣਾ ਗੀਤ ਕਵਿਤਾ, ਚਰਨ ਚਲੋ ਮਾਰਗ ਗੋਬਿੰਦ ਸ਼ਬਦ, ਪੁਰਜਾ ਪੁਰਜਾ ਕੱਟ ਮਰੇ ਸ਼ਬਦ, ਆਜਾ ਜੀਤਾ ਰਾਵੀਏ ਕਵੀਸ਼ਰੀ, ਜਪਮਨ ਮੇਰੇ ਗੋਬਿੰਦ ਕੀ ਬਾਣੀ ਸ਼ਬਦ, ਹਮਰਾ ਮਨੁ ਮੋਹਿਓ ਗੁਰੂ ਮੋਹਨਿ ਸ਼ਬਦ, ਰਾਖਾ ਏਕ ਹਮਾਰਾ ਸੁਆਮੀ ਸ਼ਬਦ, ਮੂਲ ਮੰਤਰ ਜਾਪ ਛੋਟੇ ਬੱਚੇ, ਧੰਨ—ਧੰਨ ਦਸਮੇਸ਼ ਮੇਰੇ ਸਾਥੀਆ ਕਵਿਤਾ, ਡੋਰੀ ਹਾਥ ਤੁਮਾਰੇ ਸ਼ਬਦ, ਵਾਟਾ ਲੰਮੀਆਂ ਗੀਤ, ਸੁੱਖ ਤੇਰਾ ਦਿੱਤਾ ਲਈਏ ਸ਼ਬਦ, ਉਠੋ ਮੇਰੇ ਲਾਲ ਦਲੇਰੋ ਕਵੀਸ਼ਰੀ, ਐਸਾ ਗੁਰੂ ਵਡਭਾਗੀ ਪਾਇਆ ਸ਼ਬਦਨ, ਦੀਨ ਦਿਆਲਾ ਭਰੋਸੇ ਤੇਰੇ ਸ਼ਬਦ, ਸਾਹਿਬਜ਼ਾਦਿਓ ਦਾਦੀ ਨੂੰ ਜਾਂਦੀ ਵਾਰ ਕਵਿਤਾ, ਘੋੜੀ ਕੁੜੀਆਂ ਇਕੱਠੀਆਂ, ਜ਼ੋੜਾ ਫੜੀ ਸਿਪਾਹੀ ਆਉਂਦੇ ਵਿਸਰੀ ਦਸਮੇਸ਼ ਦੇ ਸੁਜਿਆ ਪੈਰਾਂ ਤੇ ਕਵਿਤਾ, ਚਿਣਤੇ ਵਿਚ ਨੀਹਾਂ ਦੇ ਕਵੀਸ਼ਰੀ, ਮਿੱਤਰ ਪਿਆਰੇ ਨੂੰ ਆਦਿ 22 ਧਾਰਮਿਕ ਸਕਿੱਟਾਂ ਬੱਚਿਆਂ ਵੱਲੋਂ ਪੇਸ਼ ਕੀਤੀਆਂ, ਜਿਸ ਨੂੰ ਸੁਣ ਕੇ ਬੱਚੇ—ਬੱਚੀਆਂ ਦੇ ਮਾਪੇ ਪਿੰਡਾਂ ਦੇ ਮੋਹਤਬਰ ਅਤੇ ਇਲਾਕੇ ਭਰ ਦੀਆਂ ਸੰਗਤਾਂ ਨੇ ਸੁਣ ਕੇ ਅੱਖਾਂ ਵਿਚ ਹੰਝੂ ਆ ਗਏ। ਇਸ ਮੌਕੇ ਤੇ ਪੰਜਾਬ ਪਬਲਿਕ ਸਕੂਲ ਨੱਥੇ ਸ਼ਾਹ ਵਾਲਾ ਫ਼ਿਰੋਜ਼ਪੁਰ ਦੇ ਪ੍ਰਿੰਸੀਪਲ ਕੁਲਦੀਪ ਸਿੰਘ ਨੇ ਬੋਲਦਿਆਂ ਕਿਹਾ ਕਿ 20 ਦਸੰਬਰ ਤੋਂ 29 ਦਸੰਬਰ ਤੱਕ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਅਨੇਕਾਂ ਸਿੱਖ ਕੌਮ ਦੇ ਸ਼ਹੀਦ ਹੋ ਗਏ ਅਤੇ 20 ਦਸੰਬਰ (6 ਪੋਹ) ਨੂੰ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲਾ ਛੱਡਿਆ ਅਤੇ ਜਦੋਂ ਸਰਸਾ ਨਦੀ ਪਾਰ ਕਰਦਿਆਂ ਹਨੇਰੀ ਰਾਤ ਅਤੇ ਭਾਰੀ ਬਰਸਾਤ ਵਿਚ ਸਰਸਾ ਨਦੀ ਪਾਰ ਕਰਦਿਆਂ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ, ਜਿਸ ਵਿਚ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਚਮਕੌਰ ਵੱਲ ਚਲੇ ਗਏ ਅਤੇ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਰਸੋਈਏ ਗੰਗੂ ਤੇਲੀ ਨਾਲ ਉਸ ਦੇ ਪਿੰਡ ਸਹੇੜੀ ਲੈ ਗਏ। ਮਾਤਾ ਜੀਤ ਕੌਰ ਅਤੇ ਮਾਤਾ ਸਾਹਿਬ ਕੌਰ ਅਤੇ ਭਾਈ ਮਨੀ ਸਿੰਘ ਦਿੱਲੀ ਵੱਲ ਰਵਾਨਾ ਹੋਏ, ਇਸ ਤਰ੍ਹਾਂ ਚਮਕੌਰ ਦੀ ਗੜੀ ਵਿਚ ਭਿਆਨਕ ਯੁੱਧ ਹੋਇਆ, ਜਿਥੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ 40 ਸਿੰਘ ਸ਼ਹੀਦ ਹੋ ਗਏ ਅਤੇ ਮਾਤਾ ਗੁਜਰ ਕੌਰ ਜਿਨ੍ਹਾਂ ਨੂੰ ਸੂਬੇਦਾਰ ਵਜੀਰ ਖਾਂ ਨੇ ਕੈਦ ਕਰ ਲਿਆ ਅਤੇ ਬੁਰਜ ਵਿਚ ਰਖਿਆ ਅਤੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਨੂੰ ਨੀਹਾਂ ਵਿਚ ਚਿੰਨ ਕੇ ਸ਼ਹੀਦ ਕੀਤਾ ਅਤੇ ਮਾਤਾ ਗੁਜਰ ਕੌਰ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ। ਪ੍ਰਿੰਸੀਪਲ ਕੁਲਦੀਪ ਸਿੰਘ ਨੇ ਅੱਗੇ ਕਿਹਾ ਕਿ ਵੈਸੇ ਤਾਂ ਸਿੱਖ ਕੌਮ ਕੁਰਬਾਨੀਆਂ ਨਾਲ ਭਰਿਆ ਹੈ, ਪਰ ਸਾਨੂੰ ਇਨ੍ਹਾਂ ਸਾਹਿਬਜ਼ਾਦਿਆਂ ਦੀ ਦਿੱਤੀ ਹੋਈ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਤੇ ਸਮੂਹ ਇਲਾਕੇ ਭਰ ਦੀ ਸੰਗਤ ਵੱਲੋਂ ਪ੍ਰਿੰਸੀਪਲ ਕੁਲਦੀਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਭਾਈ ਇੰਦਰ ਪਾਲ ਸਿੰਘ ਫ਼ਿਰੋਜ਼ਪੁਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ, ਜਿਹੜੇ ਕਿ ਹਰ ਸ਼ਬਦ ਵਿਚ ਵਿਆਖਿਆ ਕਰਕੇ ਸੰਗਤਾਂ ਨੂੰ ਜਾਣੂ ਕਰਵਾਉਂਦੇ ਰਹੇ। ਇਸ ਮੌਕੇ ਤੇ ਗੁਰੂ ਕਾ ਲੰਗਰ, ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਬੱਚਿਆਂ ਦੇ ਉਜਵਲ ਭਵਿੱਖ ਲਈ ਟੀ.ਬੀ.ਐਸ ਸਕੂਲ ਵਿਚ ਹੋਈ ਮਾਪੇ—ਅਧਿਆਪਕ ਮਿਲਣੀ



ਫ਼ਿਰੋਜ਼ਪੁਰ, 25 ਦਸੰਬਰ (ਮਨੋਹਰ ਲਾਲ) :— ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਖੇ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਨਿਰਦੇਸ਼ਾਂ ਤੇ ਪੇਰੈਂਟਸ—ਟੀਚਰ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਪੀ.ਟੀ.—2 ਪ੍ਰੀਖਿਆਵਾਂ ਦੇ ਨਤੀਜਿਆਂ ਬਾਰੇ ਮਾਪਿਆਂ ਨੂੰ ਜਾਣਕਾਰੀ ਦੇਣ ਲਈ ਪੀ.ਟੀ.ਐਮ., ਸਵੈ—ਮੁਲਾਂਕਣ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਨੂੰ ਰਿਪੋਰਟ ਕਾਰਡ ਦਿਖਾ ਕੇ ਉਨ੍ਹਾਂ ਨੂੰ ਆਪਣੇ ਇਮਤਿਹਾਨ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ ਅਤੇ ਭਵਿੱਖ ਵਿੱਚ ਵਧੀਆ ਨਤੀਜੇ ਦੇਣ ਦਾ ਪ੍ਰਣ ਲਿਆ। ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਖੁਸ਼ੀ ਦਾ ਮੌਕਾ ਸੀ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਟੀ.ਐਮ. ਵਿਚ ਅਧਿਆਪਕ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਹਨ, ਜੋ ਕਿ ਬੱਚਿਆਂ ਦੇ ਵਿਕਾਸ ਅਤੇ ਤਰੱਕੀ ਵਿੱਚ ਸਹਾਈ ਸਿੱਧ ਹੁੰਦੇ ਹਨ। ਇਸ ਮੌਕੇ ਸਕੂਲੀ ਬੱਚਿਆਂ ਨੂੰ ਪਤਝੜ ਦੀਆਂ ਛੁੱਟੀਆਂ ਵੀ ਦਿੱਤੀਆਂ ਗਈਆਂ ਸਨ, ਜਿਸ ਵਿੱਚ ਵਿਦਿਆਰਥੀ ਲਿਖਤੀ ਰੀਵੀਜ਼ਨ ਕਰਕੇ ਆਉਣ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨਗੇ। ਉਨ੍ਹਾਂ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਹੋਰ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਪੀ.ਟੀ—2 ਦੀ ਪ੍ਰੀਖਿਆ ਦਾ ਨਤੀਜਾ ਦੇਣ ਸਮੇਂ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ, ਜਿਨ੍ਹਾਂ ਨੇ ਬੱਚਿਆਂ ਦੇ ਉਜਵਲ ਭਵਿੱਖ ਲਈ ਵਿਚਾਰ ਚਰਚਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV



ਕਰਮਜੀਤ ਸਿੰਘ ਕੰਮਾ ਔਜਲਾ
ਇੰਗਲੈਂਡ ਕਬੱਡੀ ਫੈਡਰੇਸ਼ਨ ਦੇ
ਸਰਬ ਸੰਮਤੀ ਨਾਲ ਪ੍ਰਧਾਨ ਬਣੇ
ਕਰਮਜੀਤ ਸਿੰਘ ਕੰਮਾ ਔਜਲਾ ਪ੍ਰਧਾਨ
England Kabaddi Federation Estd. 1968
ਬਲਵਿੰਦਰ ਸਿੰਘ ਚੱਠਾ ਚੇਅਰਮੈਨ
ਸਤਿੰਦਰ ਸਿੰਘ ਗੋਲਡੀ ਜੁਆਇੰਟ ਸਕੱਤਰ
ਸਤਨਾਮ ਸਿੰਘ ਮੁਠੱਡਾ (ਸੱਤਾ) ਜੁਆਇੰਟ ਸਕੱਤਰ
ਸ਼ੀਰਾ ਸਿੰਘ ਔਲਖ ਜੁਆਇੰਟ ਖਜ਼ਾਨਚੀ
ਕੁਲਵੰਤ ਸਿੰਘ ਸੰਘਾ ਜੁਆਇੰਟ ਖਜ਼ਾਨਚੀ
ਕੁਲਵੀਰ ਸਿੰਘ (ਸੁੱਖਾ) ਟੀਮ ਮੈਨੇਜ਼ਰ
ਬਲਜਿੰਦਰ ਸਿੰਘ ਭਿੰਡਰ ਟੀਮ ਕੋਚ
ਤਰਲੋਚਨ ਸਿੰਘ ਪ੍ਰੈਸ ਸਕੱਤਰ
ਜਸਜੀਤ ਸਿੰਘ ਪੱਡਾ ਮੀਤ ਪ੍ਰਧਾਨ
ਬਲਵਿੰਦਰ ਸਿੰਘ ਦੂਲੇ ਮੀਤ ਚੇਅਰਮੈਨ
ਮਨਜੀਤ ਸਿੰਘ ਢੰਡਾ ਸਹਾਇਕ ਟੀਮ ਮੈਨੇਜ਼ਰ
ਦਲਬੀਰ ਸਿੰਘ ਸੈਂਬੀ ਸਹਾਇਕ ਟੀਮ ਕੋਚ
ਜੋਗਿੰਦਰ ਸਿੰਘ ਦੁਸਾਂਝ ਸਹਾਇਕ ਪ੍ਰੈਸ ਸਕੱਤਰ
ਜਰਨੈਲ ਸਿੰਘ ਜ਼ੈਲਾ ਵੈਬਸਾਈਟ ਮੈਨੇਜਮੈਂਟ
ਰਸ਼ਪਾਲ ਸਿੰਘ ਅਟਵਾਲ ਸਲਾਹਕਾਰ
ਰਸ਼ਪਾਲ ਸਿੰਘ ਸਹੋਤਾ ਸਲਾਹਕਾਰ
ਸਤਨਾਮ ਸਿੰਘ ਗਿੱਲ ਸਲਾਹਕਾਰ
ਸਤਨਾਮ ਸਿੰਘ ਗਿੱਲ ਸਲਾਹਕਾਰ
ਸੁਰਿੰਦਰ ਸਿੰਘ ਮਾਣਕ ਸਲਾਹਕਾਰ
ਹਰਨੇਕ ਸਿੰਘ ਨੇਕਾ ਸਲਾਹਕਾਰ
ਕੇਵਲ ਸਿੰਘ ਰਣਦੇਵਾ ਸਲਾਹਕਾਰ
ਪਿਆਰਾ ਸਿੰਘ ਰੰਧਾਵਾ ਸਲਾਹਕਾਰ
ਕੁਲਵਿੰਦਰ ਸਿੰਘ ਛੋਕਰ ਸਲਾਹਕਾਰ
ਰਸ਼ਪਾਲ ਸਿੰਘ ਪਾਲਾ ਬਾਜਵਾ ਸਲਾਹਕਾਰ
ਆਵਾਜ਼ਿ ਕੌਮ AWAZE QAUM International Newspaper & WEB TV
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮੀਟਿੰਗ ਮੌਕੇ
ਇਕੱਤਰ ਕਬੱਡੀ ਕਲੱਬਾਂ ਦੇ ਨੁਮਾਇੰਦੇ
ਜਾਰੀ ਕਰਤਾ: ਇੰਗਲੈਂਡ ਕਬੱਡੀ ਫੈਡਰੇਸ਼ਨ

### 30 ਦਸੰਬਰ ਦੇ ਪੰਜਾਬ ਬੰਦ ਨੂੰ ਕਾਮਯਾਬ ਬਣਾਉਣ ਦਾ ਸੱਦਾ

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਹੋਈ ਮੀਟਿੰਗ, ਐਮਰਜੈਂਸੀ ਸੇਵਾਵਾਂ ਰਹਿਣਗੀਆਂ ਜਾਰੀ





**ਚੰਡੀਗੜ੍ਹ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਿਲ੍ਹਾ ਅੰਮ੍ਰਿਤਸਰ ਵੱਲੋਂ ਅੱਜ ਸੂਬਾ ਆਗੂ ਸਰਵਣ ਸਿੰਘ ਪੰਧੇਰ ਅਤੇ ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਦੀ ਅਗਵਾਈ ਵਿੱਚ ਪਿੰਡ ਵੱਲ੍ਹਾ ਵਿਖੇ ਜਿਲ੍ਹੇ ਭਰ ਤੋਂ ਜੋਨ ਪੱਧਰੀ ਟੀਮਾਂ ਨਾਲ ਮੀਟਿੰਗ ਕਰਕੇ, ਦਿੱਲੀ ਅੰਦੋਲਨ 2 ਦੇ 30 ਦਸੰਬਰ ਨੂੰ ਪੰਜਾਬ ਬੰਦ ਦੇ ਸੱਦੇ ਨੂੰ ਕਾਮਜਾਬ ਕਰਨ ਲਈ ਤਿਆਰੀਆਂ ਸਬੰਧੀ, ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਹਾਜ਼ਿਰ ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ , ਜਰਮਨਜੀਤ ਸਿੰਘ ਬੰਡਾਲਾ ਅਤੇ ਜਿਲ੍ਹਾ ਆਗੂ ਬਾਜ਼ ਸਿੰਘ ਸਰੰਗੜਾ ਨੇ ਕਿਹਾ ਕਿ ਜਿਵੇਂ ਵਿਕਾਸ ਦੇ ਨਾਮ ਤੇ ਕੇਂਦਰ ਅਤੇ ਪੰਜਾਬ ਸਰਕਾਰ ਖੇਤੀ ਸਮੇਤ ਸਾਰੇ ਕਾਰੋਬਾਰਾਂ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਵੱਡੇ ਪੱਧਰ ਤੇ ਖੁੱਲ੍ਹ ਦੇ ਕੇ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਰੇੜ੍ਹੀ ਫੜ੍ਹੀ ਵਾਲਿਆਂ ਅਤੇ ਮਜਦੂਰਾਂ ਦੇ ਰੁਜਗਾਰ ਖਤਮ ਕਰਨ ਦੇ ਸਮਿਆਨੇ ਬਣਾ ਚੁੱਕੀ ਹੈ ਅਤੇ ਜਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ 13 ਫਰਵਰੀ ਤੋਂ ਸ਼ੁਰੂ ਹੋਏ ਦਿੱਲੀ ਅੰਦੋਲਨ ਤੇ ਅਤਿਆਚਾਰ ਕੀਤਾ ਗਿਆ ਹੈ ਅਤੇ 26 ਨਵੰਬਰ ਤੋਂ ਜਾਰੀ ਜਗਜੀਤ ਸਿੰਘ ਡੱਲੇਵਾਲ ਜੀ ਦੇ ਮਰਨ ਵਰਤ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ, ਅਜਿਹੀਆਂ ਹਾਲਤਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਅਪੀਲ ਹੈ ਕਿ ਉਹ ਅੰਦੋਲਨ ਨਾਲ ਇੱਕਜੁਟਤਾ ਦਿਖਾਉਂਦੇ ਹੋਏ ਆਪਣੇ ਕਾਰੋਬਾਰ ਇੱਕ ਦਿਨ ਲਈ ਬੰਦ ਕਰਕੇ ਸਹਿਯੋਗ ਦੇਣ ਤਾਂ ਜ਼ੋ ਇਹਨਾਂ ਕਾਰੋਬਾਰਾਂ ਤੇ ਬੁਰੀ ਨਜ਼ਰ ਰੱਖਣ ਵਾਲੇ ਕਾਰਪੋਰੇਟ ਘਰਾਣਿਆਂ ਨੂੰ ਸਾਂਝੇ ਰੂਪ ਵਿੱਚ ਹੱਕਾਂ ਦੀ ਰਾਖੀ ਲਈ ਦ੍ਰਿੜਤਾ ਜ਼ਾਹਰ ਕੀਤੀ ਜਾ ਸਕੇ। ਆਗੂਆਂ ਕਿਹਾ ਕਿ ਅੱਜ ਅੰਦੋਲਨ ਦੇਸ਼ ਪੱਧਰ ਤੇ ਪਹੁੰਚ ਬਣਾ ਚੁੱਕਾ ਹੈ ਅਤੇ ਦੇਸ਼ ਭਰ ਵਿੱਚ ਅੱਜ ਅੰਦੋਲਨ ਦੀ ਹਮਾਇਤ ਵਿੱਚ ਮੋਮਬੱਤੀ ਮਾਰਚ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ 27 ਦਸੰਬਰ ਨੂੰ ਪੂਰੇ ਜਿਲ੍ਹੇ ਦੇ ਪਿੰਡ ਕਸਬਿਆਂ ਅਤੇ ਵੱਡੇ ਸ਼ਹਿਰਾਂ ਵਿੱਚ ਕਿਸਾਨਾਂ ਮਜਦੂਰਾਂ ਵੱਲੋਂ ਪੈਦਲ ਯਾਤਰਾ ਕਰਕੇ ਦੁਕਾਨਦਾਰਾਂ, ਰੇੜ੍ਹੀ ਫੜ੍ਹੀ ਵਾਲਿਆਂ, ਵਿੱਦਿਅਕ ਅਦਾਰਿਆਂ ਆਦਿ ਨੂੰ ਬੰਦ ਦਾ ਸਮਰਥਨ ਕਰਨ ਲਈ ਬੇਨਤੀ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਐਮਰਜੈਂਸੀ ਸੇਵਾਵਾਂ ਜਿਵੇਂ ਮੈਡੀਕਲ ਸਟੋਰ, ਹਸਪਤਾਲ, ਐਂਬੁਲੈਂਸ, ਵਿਆਹ ਸ਼ਾਦੀਆਂ, ਏਅਰਪੋਰਟ ਨੂੰ ਜਾਣ ਆਉਣ ਆਦਿਕ ਨੂੰ ਛੋਟ ਰਹੇਗੀ। ਇਸ ਮੌਕੇ ਜਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ, ਸਵਿੰਦਰ ਸਿੰਘ ਰੂਪੋਵਾਲੀ, ਗੁਰਦੇਵ ਸਿੰਘ ਗੱਗੋਮਾਹਲ, ਕੁਲਜੀਤ ਸਿੰਘ ਕਾਲੇ ਘਣੂਪੁਰ, ਸੁਖਦੇਵ ਸਿੰਘ ਚਾਟੀਵਿੰਡ ਅਤੇ ਕੰਵਰਦਲੀਪ ਸੈਦੋਲੇਹਲ ਤੋਂ ਇਲਾਵਾ ਸੈਕੜੇ ਜੋਨ ਪੱਧਰੀ ਕਿਸਾਨ ਮਜ਼ਦੂਰ ਆਗੂ ਹਾਜ਼ਿਰ ਰਹੇ।

## ਪੰਜਾਬ ਦੀਆਂ ਸਮੂੰਹ ਧਾਰਮਿਕ, ਸਮਾਜਿਕ, ਵਪਾਰਕ, ਸੱਭਿਆਚਾਰਿਕ, ਮੁਲਾਜ਼ਮ,ਮਜ਼ਦੂਰ, ਨੰਬਰਦਾਰ, ਡਰਾਇਵਰ ਤੇ ਵਿਦਿਆਰਥੀ ਯੂਨੀਅਨਾਂ ਦੇ ਨਾਂ 26 ਦਸੰਬਰ ਨੂੰ ਕਿਸਾਨ ਮੋਰਚੇ ਵਿੱਚ ਮਾਹੀ ਹੋਟਲ ਵਿਖੇ ਪਹੁੰਚਣ ਲਈ ਸੱਦਾ ਪੱਤਰ ।

**ਵਿਸ਼ਾ- ਐਸ਼ ਕੇ ਐਮ ਗੈਰਰਾਜਨੀਤਕ ਅਤੇ ਕੇ ਐਮ ਐਮ ਵੱਲੋਂ 30 ਦਸੰਬਰ ਨੂੰ ਪੰਜਾਬ ਬੰਦ ਦੇ ਦਿੱਤੇ ਸੱਦੇ ਨੂੰ ਸਾਂਤਮਈ ਤਰੀਕੇ ਮੁਤਾਬਕ ਸਫਲ ਕਰਨ ਸਬੰਧੀ।**

ਆਪ ਸੱਭ ਨੂੰ ਸਤਿਕਾਰ ਸਹਿਤ ਪੰਜਾਬ ਦੇ ਦੋਵੇ ਵੱਡੇ ਫੋਰਮਾਂ ਵੱਲੋ ਬੇਨਤੀ ਕੀਤੀ ਜਾਂਦੀ ਹੈ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ 13 ਮੰਗਾਂ ਨੂੰ ਲੈ ਕੇ ਅੰਦੋਲਨ ਚੱਲ ਰਿਹਾ ਹੈ। ਪੜਾਅ ਦਰ ਪੜਾਅ ਸੰਘਰਸ਼ ਨੂੰ ਅੱਗੇ ਤੋਰਨ ਲਈ

ਨੰਬਰ 1 ) ਸਤਿਕਾਰਯੋਗ ਜਗਜੀਤ ਸਿੰਘ ਜੀ ਡੱਲੇਵਾਲ 26 ਨਵੰਬਰ ਤੋਂ ਮਰਨ ਵਰਤ ਤੇ ਬੈਠੇ ਹਨ ।ਉਹਨਾਂ ਦੀ ਸਿਹਤ ਦੇ ਹਾਲਾਤ ਚਿੰਤਾਜਨਕ ਸਥਿਤੀ ਵਿੱਚ ਪਹੁੰਚ ਚੁੱਕੇ ਹਨ।

(2) 13 ਫਰਵਰੀ ਤੋ ਲਗਾਤਾਰ ਹਰਿਆਣਾਂ ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਤੇ ਗੋਲੀਆਂ,ਅੱਥਰੂ ਗੈਸ ਦੇ ਗੋਲੇ,ਕੈਮੀਕਲ ਨਿਯੁਕਤ ਗੰਦੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਸੈਂਕੜੇ ਕਿਸਾਨਾਂ ਨੂੰ ਫੱਟੜ ਕਰ ਕੇ ਸੁਭਕਰਨ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ ਹੈ।

(3) 30 ਦਸੰਬਰ ਨੂੰ ਪੰਜਾਬ ਬੰਦ ਦੇ ਸੱਦੇ ਨੂੰ ਸਾਂਤਮਈ ਤਰੀਕੇ ਅਨੁਸਾਰ ਸਫਲ ਬਣਾਉਣ ਲਈ ਆਪ ਜੀ ਨੂੰ ਕਿਸਾਨ ਮੋਰਚੇ ਅੰਦਰ ਮਾਹੀ ਹੋਟਲ ਵਿੱਚ ਮਿਤੀ 26 -12-24 ਨੂੰ ਸਹੀ 10 ਵੱਜੇ ਪਹੁੰਚਣ ਲਈ ਸਤਿਕਾਰ ਸਹਿਤ ਸੱਦਾ ਦਿੱਤਾ ਜਾਂਦਾ ਹੈ।

**ਵੱਲੋ- ਸੰਯੁਕਤ ਕਿਸਾਨ ਮੋਰਚਾ**
**ਗੈਰਰਾਜਨੀਤਕ ਤੇ ਕਿਸਾਨ ਮਜ਼ਦੂਰ ਮੋਰਚਾ ।**
**ਸੰਪਰਕ ਨੰਬਰ 99140 53129 ,**
**7006648738**

# ਰਾਜਸਥਾਨੀ ਸਿੱਖਾਂ ਤੇ ਔਖੀ ਘੜੀ ਤੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ



**ਸਿਰਫ ਦੋ ਘਟਨਾਵਾਂ ਦਾ ਜਿਕਰ ਕਰਾਂਗਾ**, ਪਹਿਲੀ ਘਟਨਾ ਗੰਗਾ ਨਗਰ ਦੇ ਪਿੰਡ 11 ਜੀ ਹਰਣੀਆਂ ਦੀ ਹੈ। ਪਿੰਡ ਦੇ ਖੇਤਾਂ ਵਿਚ ਮੜੀ ਉਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ, ਬੇਅਦਬੀ ਕਰਣ ਦੀ ਸ਼ਿਕਾਇਤਾਂ ਸਿੱਖ ਜੱਥੇਬੰਦੀਆਂ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਪੁਜੀਆਂ। ਪੰਝ ਜਾਂਚਾਂ ਉਪਰੰਤ ਤਖਤ ਸਾਹਿਬ ਵੱਲੋਂ ਮੜੀ ਚਲਾਉਣ ਵਾਲਿਆਂ ਨੂੰ ਇਸ ਮਨਮਤ ਪ੍ਰਤੀ ਸਖਤ ਤਾੜਨਾ ਕੀਤੀ ਗਈ। ਪਰ ਉਹ ਨਹੀਂ ਮੰਨੇ। ਅਖੀਰ ਸ੍ਰੀ ਅਕਾਲ ਤਖਤ ਸਾਹਿਬ ਤੇ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਹੋਈ ਤੇ ਉਹਨਾਂ ਆਦੇਸ਼ ਜਾਰੀ ਕੀਤਾ ਕਿ ਮੜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲਿਆ ਕੇ ਤਖਤ ਸ਼੍ਰੀ ਦਮਦਮਾ ਸਾਹਿਬ ਤੇ ਬਿਰਾਜਮਾਨ ਕਰਵਾਇਆ ਜਾਏ। ਇਹ ਆਦੇਸ਼ ਹੁੰਦੇ ਹੀ ਸਿੱਖ ਵਿਰੋਧੀ ਤਾਕਤਾਂ ਇਕੱਠੀਆਂ ਹੋ ਗਈਆਂ, ਸਰਕਾਰਾਂ ਦਾ ਸਹਾਰਾ ਲਿਆ, ਕੋਰਟਾਂ ਵਿਚ ਪਟੀਸ਼ਨ ਪਾ ਆਦੇਸ਼ ਜਾਰੀ ਕਰਾ ਲਿਆ, ਕਿ ਗੁਰੂ ਗ੍ਰੰਥ ਸਾਹਿਬ ਆਪਣੀ ਸਥਾਨ ਤੋਂ ਨਹੀਂ ਹਿਲ ਸਕਦੇ।ਪਰ ਤਖਤ ਸਾਹਿਬ ਦਾ ਆਦੇਸ਼ ਸੀ।ਪੁਲਿਸ ਪਹਿਰੇ ਦੇ ਬਾਵਜੂਦ ਮਰਜੀਵੜੇ ਸਿੰਘਾਂ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਉਸ ਸਥਾਨ ਤੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲਿਆ ਕੇ ਤਖਤ ਸ੍ਰੀ ਦਮਦਮਾ ਸਾਹਿਬ ਪਹੁੰਚਾ ਦਿੱਤਾ। ਇਹ ਸਾਰੇ 25 ਸਿੰਘ ਸਨ। ਪੁਲਿਸ ਦਾ ਬੜਾ ਸਖਤ ਪਹਿਰਾ ਸੀ। ਸੋ ਉਸ ਪਹਿਰ ਵਿੱਚੋਂ ਸਰੂਪ ਲੈ ਕੇ ਆਣਾ ਆਪਣੇ ਆਪ ਵਿੱਚ ਕੋਈ ਰੱਬ ਦੀ ਹੀ ਕਲਾ ਵਰਤੀ ਸੀ। ਇਸ ਦਰਮਿਆਨ ਅੱਠ ਦੇ ਕਰੀਬ ਸਿੰਘ ਪੁਲਿਸ ਨੇ ਗ੍ਰਿਫਤਾਰ ਕਰ ਲਏ ਤੇ ਬਾਕੀ ਸਿੰਘ ਸਰੂਪ ਲੈ ਕੇ ਤਖਤ ਸ਼੍ਰੀ ਦਮਦਮਾ ਸਾਹਿਬ ਪਹੁੰਚ ਗਏ। ਇਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਦੀ ਬੜੀ ਵੱਡੀ ਜਿੱਤ ਸੀ। ਕਿ ਸਰਕਾਰੇ ਦਰਬਾਰੇ ਦੀ ਪਰਵਾਹ ਕੀਤੇ ਬਗੈਰ ਸਿੰਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਦੀ ਪਾਲਣਾ ਕੀਤੀ। ਹੁਣ ਜਿਹੜੇ ਅੱਠ ਸਿੰਘ ਗ੍ਰਿਫਤਾਰ ਸੀ ਉਹਨਾਂ ਪ੍ਰਤੀ ਕੌਮ ਚ ਬੜੀ ਚਿੰਤਾ ਸੀ। ਅਸੀਂ ਇਸ ਸਿੰਘਾਂ ਦੇ ਕੇਸ ਦੀ ਪੈਰਵੀ ਸ਼ੁਰੂ ਕੀਤੀ ਪਰ ਕਈ ਸਰਕਾਰਾਂ ਦੇ ਭਾਈਵਾਲ ਅਤੇ ਕਈ ਸਿਆਸੀ ਆਗੂ ਜਿਹਨਾਂ ਨੂੰ ਇਹ ਬਰਦਾਸ਼ਤ ਨਹੀਂ ਸੀ, ਕਿ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਆਦੇਸ਼ ਦੀ ਪਾਲਣਾ ਕਰਨ ਕਿਉਂਕਿ ਉਹਨੂੰ ਪਤਾ ਸੀ, ਕਿ ਜੇ ਅਕਾਲ ਤਖਤ ਸਾਹਿਬ ਦੇ ਆਦੇਸ਼ ਦੀ ਪਾਲਣਾ ਹੋਣ ਲੱਗ ਗਈ ਤਾਂ ਜਿਹੜੇ ਸਾਡੇ ਵਰਗੇ ਪੰਥ ਵਿਰੋਧੀ ਹਨ ਉਹਨਾਂ ਵਾਸਤੇ ਬੜੀ ਵੱਡੀ ਮੁਸ਼ਿਕਲ ਖੜੀ ਹੋ ਜਾਏਗੀ। ਉਹਨਾਂ ਨੇ ਅੱਡੀ ਚੋਟੀ ਦਾ ਜ਼ੋਰ ਲਾ ਤਾ ਕਿ ਸਿੰਘਾਂ ਦੀ ਜਮਾਨਤ ਨਾ ਹੋਵੇ। ਉਸ ਸਮੇਂ ਮੇਰੀ ਗੱਲ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਹੋਈ, ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਸਿੰਘ ਸਾਹਿਬ ਸਾਰੀਆਂ ਸਿੱਖ ਵਿਰੋਧੀ ਤਾਕਤਾਂ ਇੱਕ ਪਲੇਟਫਾਰਮ ਤੇ ਇਕੱਠੀਆਂ ਹੋ ਗਈਆਂ ਉਹਨਾਂ ਦੀ ਅਪਰੋਚ ਬਹੁਤ ਹੈ, ਪ੍ਰਭਾਵ ਬਹੁਤ ਹੈ ਤੇ ਉਹ ਦਾਅਵਾ ਕਰ ਰਹੇ ਹਨ, ਕਿ ਅਸੀਂ ਇੱਕ ਵੀ ਸਿੰਘ ਦੀ ਜਮਾਨਤ ਨਹੀਂ ਹੋਣ ਦੇਣੀ। ਤਾਂ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਤੁਸੀਂ ਪਰਵਾਹ ਨਾ ਕਰੋ ਤੁਹਾਡੇ ਕੋਲ ਵੱਡੀ ਤਾਕਤ ਹੈ ਤੇ ਵੱਡੀ ਅਪਰੋਚ ਹੈ।ਜਿਸ ਦਿਨ ਜਮਾਨਤ ਤੇ ਫੈਸਲਾ ਹੋਣਾ ਸੀ, ਸਿੰਘ ਸਾਹਿਬ ਦਾ ਫੋਨ ਆਇਆ ਕਿ ਸਵੇਰੇ 4 ਵਜੇ ਗੁਰਦੁਆਰਾ ਬਾਬਾ ਦੀਪ ਸਿੰਘ ਪਹੁੰਚ ਕੇ ਸਾਰਿਆਂ ਨੇ ਬੈਠ ਕੇ ਨਿਤਨੇਮ ਕਰਨਾ ਸੁਖਮਨੀ ਸਾਹਿਬ ਦਾ ਪਾਠ ਕਰਨਾ ਤੇ ਦੇਗ ਤਿਆਰ ਕਰਕੇ ਅਰਦਾਸ ਕਰਨੀ ਹੈ। ਗੁਰੂ ਸਾਹਿਬ ਭਲੀ ਕਰਨਗੇ। ਇਹ ਕਾਰਜ ਗੁਰੂ ਦਾ ਹੈ ਤੁਸੀਂ ਕੋਈ ਪਰਵਾਹ ਨਾ ਕਰੋ, ਸਾਰੇ ਸਿੰਘਾਂ ਨੇ ਅਸੀਂ ਉਸੇ ਤਰ੍ਹਾਂ ਕੀਤਾ। ਫੈਸਲਾ ਆਉਣ ਦੀ ਘੜੀ ਸੀ ਸਾਨੂੰ ਪਹਿਲਾਂ ਇੱਕ ਪਰਸੈਂਟ ਆਸ ਨਹੀਂ ਸੀ ਕਿ ਲੋਅਰ ਕੋਰਟ ਵਿੱਚੋਂ ਹੀ ਇਸ ਕੇਸ ਵਿਚ ਸਿੰਘਾਂ ਦੀ ਜਮਾਨਤ ਹੋ ਜਾਏਗੀ। ਪਰ ਇੱਥੇ ਗੁਰੂ ਕੀ ਕਲਾ ਵਰਤੀ ਤੇ ਲੋਅਰ ਕੋਰਟ ਵਿੱਚੋਂ ਹੀ ਸਾਰੇ ਸਿੰਘਾਂ ਦੀ ਜਮਾਨਤਾਂ ਹੋ ਗਈ। ਹਰ ਬੰਨੇ ਪੰਥ ਵਿੱਚ ਖੁਸ਼ੀਆਂ ਤੇ ਖੇੜਾ ਆ ਗਿਆ। ਸਬ ਸਿੰਘਾਂ ਨੇ ਇੱਕਠੇ ਹੋਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਧੰਨਵਾਦ ਕੀਤਾ।

ਦੂਸਰੀ ਘਟਨਾ ਜਦੋਂ ਮੇਰੇ ਤੇ ਦੇਸ਼ਧ੍ਰੋਹ ਦਾ ਕੇਸ ਪਿਆ ਸਰਕਾਰ ਵੱਲੋਂ ਵੀ ਕੋਰਟਾਂ ਵਿੱਚ 117. 171 ਤੇ ਸਰਕਾਰੀ ਵਕੀਲ ਤਾਂ ਖੜੇ ਹੀ ਸਨ ਉਹਦੇ ਨਾਲ ਹੀ ਪੰਥ ਵਿਰੋਧੀ ਤਾਕਤਾਂ ਨੇ ਵੀ ਇੱਕ ਵਕੀਲਾਂ ਦੀ ਫੌਜ ਖੜੀ ਕਰ ਰੱਖੀ ਸੀ। ਜਿਸ ਦਿਨ ਫੈਸਲਾ ਆਉਣਾ ਸੀ ਇਕ ਰਾਤ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਫੋਨ ਆਇਆ ਕਿ ਭਾਈ ਟਿਮਾ ਜੀ ਪ੍ਰਵਾਹ ਨਾ ਕਰਿਓ ਭਾਵੇਂ ਸਰਕਾਰਾਂ ਇੱਕ ਬੰਨੇ ਹੋਣ ਭਾਵੇਂ ਪੰਥ ਵਿਰੋਧੀ ਤਾਕਤਾਂ ਇਕੱਠੀਆਂ ਹੋਣ ਗੁਰੂ ਤੁਹਾਡੇ ਹਮੇਸ਼ਾ ਅੰਗ ਸੰਗ ਹੈ। ਸਵੇਰੇ ਆਪਣੀ ਧਰਮ ਪਤਨੀ ਸਮੇਤ ਦੋਵਾਂ ਜੀਆਂ ਨੇ ਕੇਸੀ ਇਸ਼ਨਾਨ ਕਰਕੇ ਦੇਗ ਬਣਾਉਣੀ ਹੈ ਨਿਤਨੇਮ ਕਰਨਾ ਉਪਰੰਤ ਫੇਰ ਪੰਜ ਬਾਣੀਆਂ ਪੜ੍ਹ ਕੇ ਅਰਦਾਸ ਕਰਨੀ ਹੈ।ਦੇਗ ਕਰਾਈ ਫੇਰ ਗੁਰੂ ਕੀ ਕਲਾ ਵਰਤੀ ਅਸੀਂ ਇਸ ਕੇਸ ਵਿਚ ਜਮਾਨਤ ਹੀ ਮੰਗਦੇ ਸੀ ਤੇ ਗੁਰੂ ਸਾਹਿਬ ਨੇ ਕੇਸ ਹੀ ਖਤਮ ਕਰ ਦਿੱਤਾ। ਹਮੇਸ਼ਾ ਹੀ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਰਾਜਸਥਾਨ ਦੇ ਸਿੰਘਾਂ ਦਾ ਬੜਾ ਵੱਡਾ ਸਾਥ ਤੇ ਬੜਾ ਵੱਡਾ ਧਰਵਾਸ ਦਿੱਤਾ ਹੈ। ਹਮੇਸ਼ਾ ਵੀ ਜਦੋਂ ਵੀ ਔਖੀ ਘੜੀ ਆਈ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੇ ਭਾਵੇਂ ਉਹ ਗਿਆਨੀ ਰਘਵੀਰ ਸਿੰਘ ਜੀ ਹੋਣ ਭਾਵੇਂ ਗਿਆਨੀ ਹਰਪ੍ਰੀਤ ਸਿੰਘ ਜੀ ਹੋਣ ਭਾਵੇਂ ਸ਼੍ਰੋਮਣੀ ਕਮੇਟੀ ਹੋਵੇ ਭਾਵੇਂ ਸਮੁੱਚੀਆਂ ਜਥੇਬੰਦੀਆਂ ਹੋਣ ਸਭ ਨੇ ਬੜਾ ਵੱਡਾ ਸਹਿਯੋਗ ਦਿੱਤਾ। ਸੋ ਸਬ ਸਮੇਤ ਧੰਨਵਾਦ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਕਿ ਹਮੇਸ਼ਾ ਹੀ ਉਹਨਾਂ ਨੇ ਰਾਜਸਥਾਨ ਦੇ ਸਿੱਖਾਂ ਦੀ ਬਾਂਹ ਫੜੀ ਤੇ ਤਖਤ ਸਾਹਿਬ ਦੀ ਕਿਰਪਾ ਦਾ ਸਦਕਾ ਹੀ ਹਮੇਸ਼ਾ ਹੀ ਰਾਜਸਥਾਨ ਦੇ ਸਿੱਖਾਂ ਦੀ ਜਿੱਤ ਹੋਈ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ
ਜੋਰਾ ਚੀਰੀ ਲਿਖਿਆ ਤੇਰਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

IN LOVING MEMORY OF



# Surinder Singh Nijjer

29TH DECEMBER 2024
2PM- SUKHMANI SAHIB ARAMBH
FOLLOWED BY KIRTAN AND GURU KA LANGAR

GURU NANAK GURDWARA WEDNESFIELD
WELL LANE
WEDNESFIELD
WOLVERHAMPTON
WV11 1XT

**ਉੱਘੇ ਸਮਾਜ ਸੇਵੀ ਅਤੇ ਫੋਰਟਲ ਕੰਪਨੀ ਦੇ ਮਾਲਕ ਸੁਰਿੰਦਰ ਸਿੰਘ ਨਿੱਝਰ ਜੋ ਕਿ ਪਿਛਲੇ ਦਿਨੀਂ ਪੰਜਾਬ ਦੀ ਧਰਤੀ ਤੇ ਗਏ ਸਨ ਉਥੇ ਅਕਾਲ ਚਲਾਣਾ ਕਰ ਗਏ ਸਨ ਉਨਾਂ ਦੇ ਨਮਿਤ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 29 ਦਸੰਬਰ ਦਿਨ ਐਤਵਾਰ ਨੂੰ 2 ਵਜੇ ਤੋਂ 4 ਵਜੇ ਤਕ ਗੁਰੂ ਨਾਨਕ ਗੁਰਦਵਾਰਾ ਵੈਨਸਫੀਲ਼ਡ ਵਿਖੇ ਰੱਖੇ ਜਾਣਗੇ ਸਮੂੰਹ ਮਿੱਤਰਾਂ ਦੋਸਤਾਂ ਰਿਸ਼ਤੇਦਾਰਾਂ ਨੂੰ ਪਹੁੰਚਣ ਦੀ ਬੇਨਤੀ ਹੈ**

ਆਵਾਜ਼ਿ ਕੌਮ AWAZE QAUM
International Newspaper & WEB TV


ਦਮਦਮੀ ਟਕਸਾਲ ਦੇ ਪੰਦਰਵੇਂ ਮੁਖੀ
ਸੰਤ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ
ਦੀ ਯਾਦ ਹਮੇਸ਼ਾ ਸਾਡੇ ਚੇਤਿਆਂ ਵਿਚ ਵੱਸਦੀ ਰਹੇਗੀ। ਉਨ੍ਹਾਂ ਵੱਲੋਂ ਸਿੱਖ ਪੰਥ ਲਈ ਵੱਡੇ ਕਾਰਜ ਕੀਤੇ ਗਏ ਸਨ। ਮਹਾਂਪੁਰਖਾਂ ਵੱਲੋਂ ਮੇਰੀ ਮਾਤਾ ਜੀ ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਬਿਮਲ ਕੌਰ ਖ਼ਾਲਸਾ ਜੀ ਨੂੰ ਚੰਡੀਗੜ੍ਹ ਵਿਖੇ ਕੋਠੀ ਦਿੱਤੀ ਗਈ ਸੀ ਅਤੇ ਹੋਰ ਵੀ ਅਨੇਕਾਂ ਪੰਥਕ ਪਰਿਵਾਰਾਂ ਦੀ ਮਦਦ ਤੇ ਪੈਰਵਾਈ ਕੀਤੀ ਜਾਂਦੀ ਸੀ।ਅਜਿਹੀ ਰੱਬੀ ਰੂਹ ਦਾ ਜੀਵਨ ਸਮੁੱਚੀ ਕੌਮ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਨੂੰ ਯਾਦ ਕਰਦਿਆਂ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।
ਭਾਈ ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਫਰੀਦਕੋਟ
Sarabjeetsinghkhalsa.maloya / +91 9815464748